ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗੁਰਮਤਿ ਪ੍ਰਸਾਰ ਪੱਤਰ

ਲੜੀ/ਅੰਕ ਨੰ: 18/05 ਮਈ 2018 – ਨਾਨਕਸ਼ਾਹੀ ਵੈਸਾਖ-ਜੇਠ 550

## ਇਤਿਹਾਸਿਕ ਦਿਹਾੜੇ

### ਮਈ ਅਤੇ ਜੂਨ 2018

| | |
|---|---|
| ਗੁਰਗੱਦੀ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 8 ਮਈ |
| ਛੋਟਾ ਘੱਲੂਘਾਰਾ | 16 ਮਈ |
| ਸ਼ਹੀਦੀ ਗੁਰੂ ਅਰਜੁਨ ਦੇਵ ਜੀ | 17 ਜੂਨ |
| ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦੁਰ | 25 ਜੂਨ |
| ਜਨਮ ਦਿਹਾੜਾ ਭਗਤ ਕਬੀਰ ਜੀ | 28 ਜੂਨ |
| ਪ੍ਰਕਾਸ਼ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 29 ਜੂਨ |

www.gurmatparsar.com

ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ : ਗੁਰਮਤਿ ਪ੍ਰਸਾਰ ਭਵਨ, ਛੱਜੂਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438
Join us at Facebook or mail at : gurmatparsar7@gmail.com

# ਹਰਿ ਜੇਠਿ ਜੁੜੰਦਾ ਲੋੜੀਐ ...॥ (ਜੀਵਨ-ਜੁਗਤਿ)

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥- ਅੰਗ ੧੩੪

ਪਦ ਅਰਥ :- ਜੇਠਿ-ਜੇਠ ਵਿਚ । ਹਰਿ ਜੁੜੰਦਾ ਲੋੜੀਐ-ਪ੍ਰਭੂ ਚਰਨਾਂ ਵਿਚ ਜੁੜਨਾ ਚਾਹੀਦਾ ਹੈ । ਸਭਿ-ਸਾਰੇ ਜੀਵ । ਨਿਵੰਨਿ-ਨਿਊਂਦੇ ਹਨ । ਸਜਣ ਦਾਵਣਿ-ਸੱਜਣ ਦੇ ਦਾਮਨ ਵਿਚ, ਪੱਲੇ ਵਿਚ । ਕਿਸੈ...ਬੰਨਿ-ਕਿਸੈ ਨੂੰ ਬੰਨ੍ਹਣ ਨਹੀਂ ਦੇਂਦਾ, ਕਿਸੇ ਜਮ ਆਦਿਕ ਨੂੰ ਆਗਿਆ ਨਹੀਂ ਦੇਂਦਾ ਕਿ ਉਸ ਜੀਵ ਨੂੰ ਬੰਨ੍ਹ ਕੇ ਅੱਗੇ ਲਾ ਲਏ । ਰੰਗ ਸਭੈ-ਜਿਤਨੇ ਭੀ ਰੰਗ ਹਨ ।ਨਾਰਾਇਣੈ-ਪਰਮਾਤਮਾ ਦੇ । ਭਾਵੰਨਿ-ਪਿਆਰੇ ਲੱਗਦੇ ਹਨ । ਕਰੰਨਿ-ਕਰਦੇ ਹਨ । ਪ੍ਰਭਿ-ਪ੍ਰਭੂ ਨੇ ।ਕਹੀਅਹਿ-ਕਹੇ ਜਾਂਦੇ ਹਨ । ਵਿਛੁੜਿ-ਪ੍ਰਭੂ ਤੋਂ ਵਿਛੁੜ ਕੇ । ਸਾਧੂ ਸੰਗੁ-ਗੁਰੂ ਦਾ ਸਾਥ । ਤਿਸੁ-ਉਸ (ਮਨੁੱਖ) ਨੂੰ । ਜਿਸ ਕੈ ਮਥੰਨਿ-ਜਿਸ ਦੇ ਮੱਥੇ ਉਤੇ ।

ਅਰਥ :- ਜਿਸ ਹਰੀ ਦੇ ਅੱਗੇ ਸਾਰੇ ਜੀਵ ਸਿਰ ਨਿਵਾਂਦੇ ਹਨ, ਜੇਠ ਦੇ ਮਹੀਨੇ ਵਿਚ ਉਸ ਦੇ ਚਰਨਾਂ ਵਿਚ ਜੁੜਨਾ ਚਾਹੀਦਾ ਹੈ । ਜੋ ਹਰੀ ਸੱਜਣ ਦੇ ਲੜ ਲੱਗੇ ਰਹੀਏ ਤਾਂ ਉਹ ਕਿਸੇ (ਜਮ ਆਦਿਕ) ਨੂੰ ਆਗਿਆ ਨਹੀਂ ਦੇਂਦਾ ਕਿ ਬੰਨ੍ਹ ਕੇ ਅੱਗੇ ਲਾ ਲਏ (ਭਾਵ, ਪ੍ਰਭੂ ਦੇ ਲੜ ਲੱਗਿਆਂ ਜਮਾਂ ਦਾ ਡਰ ਨਹੀਂ ਰਹਿ ਜਾਂਦਾ) । (ਲੋਕ ਹੀਰੇ ਮੋਤੀ ਲਾਲ ਆਦਿਕ ਕੀਮਤੀ ਧਨ ਇਕੱਠਾ ਕਰਨ ਲਈ ਦੌੜ-ਭੱਜ ਕਰਦੇ ਹਨ, ਪਰ ਉਸ ਧਨ ਦੇ ਚੋਰੀ ਹੋ ਜਾਣ ਦਾ ਭੀ ਡਰ ਲਗਾ ਰਹਿੰਦਾ ਹੈ) ਪਰਮਾਤਮਾ ਦਾ ਨਾਮ ਹੀਰੇ ਮੋਤੀ ਆਦਿਕ ਐਸਾ ਕੀਮਤਿ ਧਨ ਹੈ ਕਿ ਉਹ ਚੁਰਾਇਆ ਨਹੀਂ ਜਾ ਸਕਦਾ । ਪਰਮਾਤਮਾ ਦੇ ਜਿਤਨੇ ਭੀ ਕੌਤਕ ਹੋ ਰਹੇ ਹਨ, (ਨਾਮ-ਧਨ ਦੀ ਬਰਕਤਿ ਨਾਲ) ਉਹ ਸਾਰੇ ਮਨ ਵਿਚ ਪਿਆਰੇ ਲੱਗਦੇ ਹਨ । (ਇਹ ਭੀ ਸਮਝ ਆ ਜਾਂਦੀ ਹੈ ਕਿ) ਪ੍ਰਭੂ ਆਪ ਤੇ ਉਸ ਦੇ ਪੈਦਾ ਕੀਤੇ ਜੀਵ ਉਹੀ ਕੁਝ ਕਰਦੇ ਹਨ ਜੋ ਉਸ ਪ੍ਰਭੂ ਨੂੰ ਚੰਗਾ ਲੱਗਦਾ ਹੈ ।

ਜਿੰਨ੍ਹਾਂ ਬੰਦਿਆਂ ਨੂੰ ਪ੍ਰਭੂ ਨੇ (ਆਪਣੀ ਸਿਫਤਿ-ਸਾਲਾਹ ਦੀ ਦਾਤਿ ਦੇ ਕੇ) ਆਪਣਾ ਬਣਾ ਲਿਆ ਹੈ, ਉਹਨਾਂ ਨੂੰ ਹੀ (ਜਗਤ ਵਿਚ) ਸ਼ਾਬਾਸ਼ੇ ਮਿਲਦੀ ਹੈ। (ਪਰ ਪਰਮਾਤਮਾ ਜੀਵਾਂ ਦੇ ਆਪਣੇ ਉੱਦਮ ਨਾਲ ਨਹੀਂ ਮਿਲ ਸਕਦਾ) ਜੇ ਜੀਵਾਂ ਦੇ ਆਪਣੇ ਉੱਦਮ ਨਾਲ ਮਿਲ ਸਕਦਾ ਹੋਵੇ, ਤਾਂ ਜੀਵ ਉਸ ਤੋਂ ਵਿਛੁੜ ਕੇ ਦੁਖੀ ਕਿਉਂ ਹੋਣ ? ਹੇ ਨਾਨਕ ! (ਪ੍ਰਭੂ ਦੇ ਮਿਲਾਪ ਦੇ) ਆਨੰਦ (ਉਹੀ ਬੰਦੇ) ਮਾਣਦੇ ਹਨ, ਜਿੰਨਾਂ ਨੂੰ ਗੁਰੂ ਦਾ ਸਾਥ ਮਿਲ ਜਾਏ। ਜਿਸ ਮਨੁੱਖ ਦੇ ਮੱਥੇ ਉਤੇ ਭਾਗ ਜਾਗੇ, ਉਸ ਨੂੰ ਜੇਠ ਮਹੀਨਾ ਸੁਹਾਵਣਾ ਲੱਗਦਾ ਹੈ, ਉਸੇ ਨੂੰ ਪ੍ਰਭੂ-ਮਾਲਕ ਮਿਲਦਾ ਹੈ।੪।

## ਸੁਖਮਨੀ ਸਾਹਿਬ

**ਡਾ. ਅਬਨੀਸ਼ ਕੌਰ**

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਹੋਏ ਹਨ। ਗੁਰੂ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰਵਾ ਕੇ ਸਿੱਖਾਂ ਨੂੰ ਬਾਣੀ ਨਾਲ ਜੋੜਿਆ। ਇਹ ਆਪਣੇ ਆਪ ਵਿੱਚ ਇੱਕ ਅਦੁਤੀ ਮਿਸਾਲ ਹੈ। ਗੁਰੂ ਅਰਜਨ ਦੇਵ ਜੀ ਦੇ 2218 ਸ਼ਬਦ 30 ਰਾਗਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਗੁਰੂ ਜੀ ਦੀ ਬਾਣੀ ਬਾਕੀ ਬਾਣੀਕਾਰਾਂ ਨਾਲੋਂ ਸਭ ਤੋਂ ਵੱਧ ਹੈ। ਸੁਖਮਨੀ, ਬਾਰਾਮਾਹ ਮਾਝ ਗੁਰੂ ਜੀ ਦੀਆਂ ਪ੍ਰਮੁੱਖ ਬਾਣੀਆਂ ਹਨ। ਸੁਖਮਨੀ ਸਾਹਿਬ, ਨਿਤਨੇਮ ਦੀਆਂ ਬਾਣੀਆਂ ਨੂੰ ਛੱਡ ਕੇ ਸਿੱਖ ਜਗਤ ਵਿੱਚ ਸਭ ਤੋਂ ਵੱਧ ਪੜੀ ਜਾਣ ਵਾਲੀ ਬਾਣੀ ਹੈ। ਸੁਖਮਨੀ ਗੁਰੂ ਜੀ ਦੀ ਅੰਤਿਮ ਰਚਨਾ ਮੰਨੀ ਜਾਂਦੀ ਹੈ। ਇਸ ਦੀ ਰਚਨਾ ਰਾਮਸਰ ਦੇ ਕੰਢੇ ਹੋਈ ਮੰਨਿਆ ਜਾਂਦਾ ਹੈ। ਭਾਈ ਸੰਤੋਖ ਸਿੰਘ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਸਮੇਂ ਹੀ 'ਸੁਖਮਨੀ ਸਾਹਿਬ' ਦੀ ਰਚਨਾ ਰਾਮਸਰ ਦੇ ਕੰਢੇ ਇਕੋ ਬੈਠਕ ਵਿੱਚ ਹੋਈ। ਡਾ. ਸੁਰਜੀਤ ਸਿੰਘ ਅਨੁਸਾਰ 'ਸੁਖਮਨੀ' ਦੀ ਰਚਨਾ 'ਰਾਮਸਰ' ਦੇ ਕੰਢੇ ਲਗਾਤਾਰ ਜਾਂ ਸਵਾ ਪਹਿਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਕਾਲ ਵਿੱਚ ਹੋਈ। ਪਰ ਇਹ ਕਹਿਣਾ ਕਿ ਬਾਣੀ ਸਵਾ ਪਹਿਰ ਵਿੱਚ ਜਾਂ ਲਗਾਤਾਰ ਇਕੋ ਬੈਠਕ ਵਿੱਚ ਹੋਈ ਕੁਝ ਨਿਆਏ ਸੰਗਤ ਨਹੀਂ ਜਾਪਦਾ ਕਿ ਏਨੀ ਲੰਮੀ ਅਤੇ ਲੜੀਬੱਧ ਵਿਚਾਰਾਂ ਵਾਲੀ ਏਨੇ ਥੋੜ੍ਹੇ ਸਮੇਂ ਵਿੱਚ ਲਗਾਤਾਰ ਉਚਾਰੀ ਗਈ ਹੋਵੇ।

ਸੁਖਮਨੀ ਤੋਂ ਭਾਵ ਸੁਖਾਂ ਦੀ ਮਣੀ। ਸੁਖ+ਮਨੀ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। ਸੁੱਖ ਤੋਂ ਭਾਵ ਅਨੰਦ, ਖੁਸ਼ੀ ਤੇ ਮਨੀ ਤੋਂ ਭਾਵ ਕੀਮਤੀ ਹੀਰਾ ਜਾਂ ਸੁਰਾਹੀ ਹੈ। ਭਾਈ ਵੀਰ ਸਿੰਘ 'ਸੁਖਮਨੀ' ਦੇ ਅਰਥ ਸੁੱਖ+ਮਨ+ਈ ਭਾਵ 'ਮਨ ਨੂੰ ਸੁੱਖ ਦੇਣ ਹਾਰ' ਲੈਂਦੇ ਹਨ। ਪ੍ਰੋ.ਜੀ.ਐਸ.ਤਾਲਿਬ 'ਸੁਖਮਨੀ' ਦਾ ਅਰਥ 'ਮਨ ਦਾ ਸੁੱਖ' ਲੈਂਦੇ ਹਨ। ਸੋ 'ਸੁਖਮਨੀ' ਦਾ ਅਰਥ ਉਹ ਮਣੀ, ਜੁਗਤੀ, ਤਰੀਕਾ, ਪ੍ਰਬੰਧ, ਨਿਯਮ, ਸਾਧਨ ਜਿਸ ਨਾਲ ਸੁਖ ਦੀ ਪ੍ਰਾਪਤੀ ਹੁੰਦੀ ਹੈ। ਸੁਖਮਨੀ ਉਹ ਗੁਰ ਦਸਦੀ ਹੈ ਜਿਸ ਨਾਲ ਸੁੱਖ ਮਿਲਦਾ

ਹੈ ਇਹ ਸੁਖ ਦਾ ਗੁਰ ਦਸਦੀ ਹੈ । ਸੁਖਮਨੀ ਨੇ ਜੋ ਜੁਗਤੀ ਜਾਂ ਗੁਰ ਦੱਸਿਆ ਹੈ ਉਹ, 'ਨਾਮ ਸਿਮਰਨ' ਦਾ ਹੈ । ਗੁਰੂ ਸਾਹਿਬ ਨੇ ਸੁਖਾਂ ਦੀ ਪ੍ਰਾਪਤੀ ਲਈ ਨਾਮ ਰੂਪੀ ਮਣੀ ਨੂੰ ਧਾਰਨ ਕਰਨਾ ਹੀ ਯੋਗ ਸਮਝਿਆ ਹੈ ।

'ਸੁਖਮਨੀ' ਗਉੜੀ ਰਾਗ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 262 ਤੋਂ 296 ਪੰਨਿਆਂ ਉਪਰ ਅੰਕਿਤ ਹੈ । ਇਹ ੨੪ ਅਸ਼ਟਪਦੀਆਂ ਵਿੱਚ ਹੈ । ਅਸ਼ਟਪਦੀ ਤੋਂ ਭਾਵ ਅੱਠ ਪਦਾਂ ਦੀ ਰਚਨਾ । ਪਿਆਰਾ ਸਿੰਘ ਪਦਮ ਲਿਖਦੇ ਹਨ ਕਿ "ਸੁਖਮਨੀ ਇੱਕ ਪ੍ਰਬੰਧ ਕਾਵਿ ਹੈ । ਜਿਸ ਵਿੱਚ 24 ਅਸ਼ਟਪਦੀਆਂ ਹਨ, ਹਰ ਅਸ਼ਟਪਦੀ ਵਿੱਚ ਅੱਠ-ਅੱਠ ਬੰਦ ਤੇ ਹਰ ਬੰਦ ਵਿੱਚ ਲਗਭਗ ਦਸ-ਦਸ ਤੁਕਾਂ ਪਰੋਈਆਂ ਹਨ । ਇਹ ਇੱਕ ਯੋਜਨਾ ਸਹਿਤ ਰਚੀ ਬਾਣੀ ਹੈ, ਜਿਸ ਵਿੱਚ ਮਾਨਵ ਆਤਮਾ ਨਾਇਕ ਬਣ ਕੇ ਵਿਕਾਸ ਦੀਆਂ ਮੰਜ਼ਲਾਂ ਤੈਅ ਕਰਦੀ ਪਰਮਾਨੰਦ ਦੇ ਪਰਮਧਾਮ ਪੁੱਜਦੀ ਹੈ । 24 ਅਸ਼ਟਪਦੀਆਂ ਵਿੱਚ ਇੱਕ ਲੜੀਬੱਧ ਚਰਚਾ ਹੈ । ਜਿਸ ਦੁਆਰਾ ਗੁਰੂ ਜੀ ਨੇ ਆਪਣਾ ਜੀਵਨ ਸਿਧਾਂਤ ਸਪੱਸ਼ਟ ਕਰਕੇ ਦਰਸਾਇਆ ਹੈ ਕਿ ਮਨੁੱਖ ਸੁਖੀ ਕਿਵੇਂ ਹੋ ਸਕਦਾ ਹੈ । "ਸੁਖਮਨੀ ਵਿੱਚ 24 ਅਸ਼ਟਪਦੀਆਂ ਅਤੇ 24 ਸਲੋਕ ਹਨ । ਹਰ ਅਸ਼ਟਪਦੀ ਦੇ ਆਰੰਭ ਵਿੱਚ ਇੱਕ ਸਲੋਕ ਹੈ । ਇਸ ਸਲੋਕ ਵਿੱਚ ਅਸ਼ਟਪਦੀ ਦਾ ਸਾਰ ਹੈ । ਪਰ ਸ਼ੁਰੂਆਤੀ ਸਲੋਕ ਸੁਖਮਨੀ ਦੇ ਮੰਗਲਾਚਰਨ ਵਜੋਂ ਆਉਂਦਾ ਹੈ ਡਾ. ਸੁਰਜੀਤ ਸਿੰਘ ਅਨੁਸਾਰ 'ਸੁਖਮਨੀ' ਦਾ ਅਰੰਭ ਆਦਿ ਗੁਰਹੇ ਨਮਹ ਵਾਲੇ ਪਹਿਲੇ ਸਲੋਕ ਨਾਲ ਹੁੰਦਾ ਹੈ । ਪਰ ਅਸਲ ਵਿੱਚ ਇਹ ਮੰਗਲਾਚਰਨ ਹੈ । ਇਸ ਪਹਿਲੀ ਅਸ਼ਟਪਦੀ ਨਾਲ ਕੋਈ ਸੰਬੰਧ ਨਹੀਂ । ਇਸ ਅਸ਼ਟਪਦੀ ਦਾ ਕੇਂਦਰੀ ਭਾਵ 'ਸੁਖਮਨੀ' ਸੁਖ ਅੰਮ੍ਰਿਤ ਪ੍ਰਭ ਨਾਮੁ । ਭਗਤ ਜਨਾ ਕੈ ਮਨਿ ਬਿਸ੍ਰਾਮ' ਵਾਲੀਆਂ ਰਹਾਉ ਦੀਆਂ ਤੁਕਾਂ ਦਰਸਾਉਂਦੀਆਂ ਹਨ । ਇਹ ਤੁਕਾਂ ਇਸ ਅਸ਼ਟਪਦੀ ਅਤੇ ਸਾਰੀ 'ਸੁਖਮਨੀ' ਦਾ ਕੇਂਦਰੀ ਸਾਰ ਹਨ ।"

ਸੁਖਮਨੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਾਪਤ ਬਾਣੀਆਂ ਵਿਚੋਂ ਹੀ ਨਹੀਂ ਬਲਕਿ ਉੱਤਰੀ ਭਾਰਤ ਦੇ ਨਿਰਗੁਣ ਕਾਵਿ ਵਿੱਚ ਸਭ ਤੋਂ ਲੰਮੇਰੀ ਰਚਨਾ ਹੈ । ਡਾ. ਮੋਹਨ ਸਿੰਘ ਜੀ ਦਸਦੇ ਹਨ ਕਿ ਭਾਰਤ ਦੇ ਮੱਧਕਾਲ ਦੀਆਂ ਅਧਿਆਤਮਿਕ ਕਾਵਿ-ਰਚਨਾਵਾਂ ਵਿੱਚੋਂ ਸੁਖਮਨੀ ਸਭ ਤੋਂ ਲੰਮੀ ਰਚਨਾ ਹੈ । ਇਹ ਸ਼ਾਇਦ ਠੀਕ ਹੀ ਹੋਵੇ । ਸੁਖਮਨੀ ਦੀਆਂ ਲਗਪਗ 2000 ਸਤਰਾਂ ਹਨ-24 ਅਸ਼ਟਪਦੀਆਂ ਹਨ, ਹਰ ਅਸ਼ਟਪਦੀ ਵਿੱਚ 8 ਪਉੜੀਆਂ ਹਨ ਹਰ, ਪਉੜੀ ਵਿੱਚ 10 ਸਤਰਾਂ ਹਨ, ਨਾਲ 24 ਸਲੋਕ ਹਨ, ਹਰ ਸਲੋਕ 2 ਸਤਰਾਂ ਦਾ ਹੈ । ਰਹਾਉ ਦੀਆਂ ਦੋ ਤੁਕਾਂ ਵੱਖ ਹਨ, ਸਾਰੀਆਂ 1970 ਤੁਕਾਂ ਬਣਦੀਆਂ ਹਨ । ਸੁਖਮਨੀ ਆਕਾਰ ਤੇ ਪ੍ਰਕਾਰ ਕਰਕੇ ਮਹਾਂ ਕਾਵਿ ਹੈ । ਸੋ ਸੁਖਮਨੀ ਲੰਮੇਰੀ ਰਚਨਾ ਹੈ ਜੋ ਜੀਵਨ ਦੇ ਅਤਿ ਬੁਨਿਆਦੀ ਮਸਲੇ ਦਾ ਵਿਚਾਰ ਕਰਦੀ ਹੈ । ਇਸ ਦੇ ਮਸਲੇ ਮਨੁੱਖ ਸ਼ਖਸੀਅਤ ਦੀ ਉਸਾਰੀ ਤੇ ਮਨੁੱਖੀ ਸੁੱਖ ਹਨ । ਸੁਖਮਨੀ ਦਾ ਸਮੁੱਚਾ ਵਾਤਾਵਰਨ ਸੁੱਖ ਤੇ

ਸ਼ਾਂਤੀ ਦਾ ਹੈ। ਨਾਮ ਸਿਮਰਨ ਦੀ ਮਹੱਤਤਾ ਦ੍ਰਿੜਾਉਂਦੇ ਹੋਏ ਕਰਮਕਾਂਡਾ ਨੂੰ ਨਕਾਰਦੇ ਹਨ। ਮਨੁੱਖੀ ਸੁਖ ਤੇ ਮਨੁਖੀ ਸਮਾਜਿਕ ਕਲਿਆਣ ਦਾ ਸਾਰਾ ਨਾਮ ਸਿਮਰਨ ਹੀ ਹੈ। ਜੋ ਇਸ ਬਾਣੀ ਦਾ ਕੇਂਦਰ ਹੈ। ਇਸ ਬਾਣੀ ਰਾਂਹੀ ਗੁਰੂ ਜੀ ਨੇ ਸਿੱਖ ਦਰਸ਼ਨ, ਸਿੱਖ ਆਚਾਰ ਵਿਹਾਰ ਅਤੇ ਸਾਧਨਾਂ ਆਦਿ ਬਾਰੇ ਬੜੇ ਸਹਿਜ ਢੰਗ ਨਾਲ ਵਿਚਾਰ ਕੀਤੀ ਹੈ। ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਬਾਣੀ ਰਾਂਹੀ ਮਨੁਖਤਾ ਨੂੰ ਪਰਮਾਤਮਾ ਦਾ ਨਾਮ ਜਪਣ ਵੱਲ ਪ੍ਰੇਰਿਆ ਹੈ। ਇਹ ਉਹ ਬਾਣੀ ਜਿਸ ਨੂੰ ਪੜ੍ਹਨ, ਸੁਨਣ ਅਤੇ ਵਿਚਾਰਨ ਨਾਲ ਆਤਮਿਕ ਸੁੱਖ ਮਿਲਦਾ ਹੈ।

## ਮਾਹ ਦਿਵਸ ਮੂਰਤ ਭਲੇ

**ਸੇਵਾ ਸਿੰਘ (ਸੰਤ) ਗੁਰਦੁਆਰਾ ਰਾਮਪੁਰ ਖੇੜਾ**

ਜਿੰਨਾ ਵੱਡਾ ਪ੍ਰਮਾਤਮਾ ਹੈ, ਉਸ ਨੇ ਓਨੀ ਹੀ ਵੱਡੀ ਤੇ ਵਿਸ਼ਾਲ ਸੰਸਾਰ ਖੇਡ ਰਚਨਾ ਕੀਤੀ ਹੈ। ਸੰਸਾਰ ਅੰਦਰ ਆਪਾਂ ਵੇਖਦੇ ਹਾਂ, ਸਟੇਜਾਂ ਜਾਂ ਖੇਡ ਮੈਦਾਨਾਂ ਵਿੱਚ ਸੀਮਤ ਪਾਤਰਾਂ ਰਾਹੀਂ ਖੇਡਾਂ ਖੇਡੀਆਂ ਜਾਂਦੀਆਂ ਹਨ। ਪਰਮਾਤਮਾ ਅਸੀਮ ਹੋਣ ਕਾਰਣ, ਉਸ ਨੇ ਜਗਤ ਖੇਡ ਵੀ ਅਸੀਮ ਰਚੀ ਹੈ। ਜਗਤ-ਖੇਡ ਅੰਦਰ ਪਰਮਾਤਮਾਂ ਨੇ ਚੌਰਾਸੀ-ਲੱਖ ਜੂਨੀਆਂ ਦੇ ਪਾਤਰ ਰਚ ਕੇ ਉਨ੍ਹਾਂ ਨੂੰ ਵੱਖੋ-ਵੱਖਰੇ ਸੁਬਾਓ, ਵੱਖੋ-ਵੱਖਰੇ ਸਰੀਰਕ ਆਕਾਰ, ਵੱਖੋ-ਵੱਖਰੇ ਵਚਿੱਤ੍ਰ ਰੂਪ-ਰੰਗ, ਵੱਖੋ-ਵੱਖਰੇ ਜੀਵਨ ਜਿਊਣ ਢੰਗ ਬਖਸ਼ਿਸ਼ ਕਰਕੇ ਸੰਸਾਰ ਖੇਡ ਨੂੰ ਬਹੁਤ ਹੀ ਵੱਚਿਤ੍ਰ ਅਤੇ ਰੌਚਕ ਬਨਾਉਣਾ ਕੀਤਾ ਹੈ। ਇੱਕ-ਇੱਕ ਜੂਨ ਦੀ ਪਾਤਰ-ਵਚਿੱਤ੍ਰਤਾ ਵੇਖ ਕੇ ਮਨੁੱਖ ਦੰਗ ਰਹਿ ਜਾਂਦਾ ਹੈ ਤੇ ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਦਾ ਭੈਰਉ ਰਾਗ ਅੰਦਰ ਉਚਾਰਨ ਕੀਤਾ ਫੁਰਮਾਨ ਯਾਦ ਆਉਂਦਾ ਹੈ।

**ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ ॥**
**ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ ॥੨॥ਭੈਰਉ (ਮਃ ੫)ਅੰਗ ੧੧੩੯**

ਪਰਮਾਤਮਾਂ ਵੱਲੋਂ ਰਚੀ ਭਿੰਨਤਾ ਤੇ ਵਚਿੱਤ੍ਰਤਾ ਨੂੰ ਵੇਖ ਕੇ ਆਪ-ਮੁਹਾਰੇ ਮਨੁੱਖ ਦੇ ਅੰਦਰੋਂ ਗੁਰੂ ਨਾਨਕ ਪਾਤਸ਼ਾਹ ਜੀ ਦਾ ਆਸਾ ਦੀ ਵਾਰ ਦਾ ਫੁਰਮਾਨ

**ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥**

**ਮ: ੧, ਪੰਨਾ ੪੬੯**

ਨਿਕਲਣ ਲੱਗ ਜਾਂਦਾ ਹੈ। ਇਸ ਸਾਰੀ ਅਲੌਕਿਕ-ਵਚਿੱਤ੍ਰ ਖੇਡ ਵਿੱਚ ਪਰਮਾਤਮਾਂ ਨੇ ਮਨੁੱਖ ਜੂਨ ਨੂੰ ਸਭ ਜੂਨਾਂ ਤੋਂ ਉੱਤਮਤਾ ਬਖਸ਼ਿਸ਼ ਕਰਦੇ ਫੁਰਮਾਨ ਕੀਤਾ ਹੈ ਐ- ਮਨੁੱਖ !

**ਅਵਰ ਜੋਨਿ ਤੇਰੀ ਪਨਿਹਾਰੀ। ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥**

**ਆਸਾ ਮ: ੫, ਪੰਨਤ ੩੭੪**

ਤਥਾ :

**ਲਖ ਚਉਰਾਸੀਹ ਜੋਨਿ ਵਿਚਿ ਮਾਣਸ ਜਨਮੁ ਦੁਲੰਭੁ ਉਪਾਇਆ। ਵਾਰ ੮, ਪਉੜੀ ੬**

ਪਰਮਾਤਮਾ ਨੇ ਜਿੱਥੇ ਮਨੁੱਖ ਜੂਨ ਨੂੰ, ਖਾਣ-ਪੀਣ, ਬੋਲ-ਚਾਲ, ਸੋਚ-ਵੀਚਾਰ, ਰਹਿਣ-ਸਹਿਣ ਦੀ ਸਿਰਮੌਰਤਾ ਤੇ ਉੱਤਮਤਾ ਪ੍ਰਦਾਨ ਕੀਤੀ ਹੈ, ਉੱਥੇ ਪ੍ਰਭੂ ਮਾਲਕ ਨੇ ਮਨੁੱਖ ਪਾਤਰ ਨੂੰ ਇੱਕ ਵਿਸ਼ੇਸ਼ ਕਾਰਜ ਜੋ ਬਾਕੀ ਜੂਨਾਂ ਰਾਹੀਂ ਕੀਤਾ ਨਹੀਂ ਜਾ ਸਕਦਾ ਉਹ ਕਾਰਜ ਕਰਨ ਦੀ ਜਿੰਮੇਵਾਰੀ ਸੌਂਪੀ ਹੈ । ਜੇ ਮਨੁੱਖ ਪਾਤ੍ਰ ਉਹ ਵਿਸ਼ੇਸ਼ ਕਾਰਜ ਜੋ ਪਰਮਾਤਮਾਂ ਨੇ ਇਸ ਦੇ ਜਿੰਮੇ ਕਰਨ ਲਈ ਧੁਰੋਂ ਲਾਇਆ ਹੈ, ਉਹ ਕਾਰਜ ਨਹੀਂ ਕਰਦਾ ਤਦ ਇਸ ਦੇ ਜਨਮ ਤੋਂ ਲੈ ਕੇ ਆਖਰੀ ਸੁਆਸ ਤੱਕ ਕੀਤੇ ਸਾਰੇ ਕਾਰਜ ਅਕਾਰਥ ਗਿਣੇ ਜਾਂਦੇ ਹਨ । ਉਹ ਕਾਰਜ ਹੈ "ਪ੍ਰਭੂ ਨਾਮ-ਜਪ" ਦੇ ਮਾਰਗ ਨੂੰ ਆਪਣੇ ਜੀਵਨ ਵਿੱਚ ਅਪਣਾ ਕੇ, ਆਪਣੇ ਮੂਲ, ਪਰਮਾਤਮਾਂ ਨਾਲ ਅਭੇਦ ਹੋਣਾ ਤਥਾ ਆਪਣੇ ਮਾਲਕ ਪਰਮਾਤਮਾ ਨਾਲ ਮਿਲਣਾ । ਪਰ ਮਾਇਆ ਦੇ ਪ੍ਰਭਾਵ ਕਾਰਣ ਮਨੁੱਖ ਇਸ ਵਿਸ਼ੇਸ਼ ਕਾਰਜ ਨੂੰ ਭੁੱਲ ਚੁੱਕਾ ਹੈ । ਸਤਿਗੁਰੂ ਆਪਣੇ ਪਰਉਪਕਾਰੀ ਸੁਭਾਅ ਅਧੀਨ ਸਾਨੂੰ ਮਾਇਆ ਦੇ ਪ੍ਰਭਾਵ ਕਾਰਣ ਭੁੱਲੇ ਭਟਕਿਆਂ ਨੂੰ ਸਾਡਾ ਜੀਵਨ ਮਨੋਰਥ ਯਾਦ ਕਰਵਾਉਂਦੇ ਸੋਦਰ ਦੇ ਪਾਠ ਅੰਦਰ ਹਰ ਰੋਜ ਪੁਕਾਰ-ਪੁਕਾਰ ਕੇ ਫ਼ੁਰਮਾਉਂਦੇ ਹਨ ਕਿ ਐ ਮਨੁੱਖ ! ਤੇਰੇ ਜੀਵਨ ਦਾ ਮਨੋਰਥ ਹੈ :

**ਭਈ ਪਰਾਪਤਿ ਮਾਨੁਖ ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥**

**ਸੋਪੁਰਖੁ ਆਸਾ (ਮਃ ੫) - ਅੰਗ ੧੨**

ਜਿਹੜਾ ਮਨੁੱਖ ਗੁਰੂ ਦੀ ਪੁਕਾਰ ਸੁਣ ਕੇ "ਨਾਮ-ਜਪ" ਮਾਰਗ ਦਾ ਪਾਂਧੀ ਬਣ ਕੇ ਆਪਣੇ ਮੂਲ ਪਰਮਾਤਮਾਂ ਨਾਲ ਜੁੜ ਜਾਂਦਾ ਹੈ, ਉਹ ਪਾਤਰ ਤਾਂ :

**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥੧੧॥**

**ਸੋਰਠਿ (ਮਃ ੯) - ਅੰਗ ੬੩੩**

ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ, ਉਸ ਦੀ ਜੀਵਨ ਯਾਤਰਾ ਪ੍ਰਭੂ ਨਦਰ ਅੰਦਰ ਸਫ਼ਲ ਹੋ ਜਾਂਦਾ ਹੈ । ਜਿਵੇਂ ਸਤਿਗੁਰੂ ਅਰਜਨ ਦੇਵ ਜੀ ਨੇ ਧਨਾਸਰੀ ਰਾਗ ਅੰਦਰ ਫਰਮਾਨ ਕੀਤਾ ਹੈ :

**ਸਫਲ ਸਫਲ ਭਈ ਸਫਲ ਜਾਤ੍ਰਾ ॥**
**ਆਵਣ ਜਾਣ ਰਹੇ ਮਿਲੇ ਸਾਧਾ ॥੧॥ ਰਹਾਉ ਦੂਜਾ ॥੧॥੩॥**

**ਧਨਾਸਰੀ (ਮਃ ੫) - ਅੰਗ ੬੮੭**

ਪਰ ਜਿਹੜਾ ਮਨੁੱਖ ਆਪਣੇ ਜਿੰਮੇ ਲੱਗਾ ਕਾਰਜ ਨਹੀਂ ਕਰਦਾ ਉਸ ਪ੍ਰਥਾਇ ਤਾਂ ਸਤਿਗੁਰੂ ਰਾਮਦਾਸ ਜੀ ਨੇ ਆਸਾ ਰਾਗ ਅੰਦਰ ਬਚਨ ਦਰਜ ਕੀਤਾ ਹੈ ਕਿ

**ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥**

**ਆਸਾ (ਮਃ ੪) – ਅੰਗ ੪੫੦**

ਸੱਚੇ ਜੀਵਨ ਰਸਤੇ ਤੋਂ ਘੁੱਥੇ ਪਾਤਰਾਂ ਪ੍ਰਤੀ ਤਾਂ ਸਤਿਗੁਰੂ ਜੀ ਨੇ ਫ਼ੁਰਮਾਨ ਕੀਤਾ ਹੈ :

**ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥**

**ਜੈਤਸਰੀ (ਮਃ ੪) – ਅੰਗ ੬੯੭**

ਸਤਿਗੁਰੂ ਜੀ ਨੇ ਸਾਡੇ ਜੀਵਨ ਦੀ ਪਾਤਰਤਾ ਨੂੰ ਸਫਲਾ ਕਰਨ ਵਾਸਤੇ ਸਾਡੇ ਜੀਵਨ ਦੀਆਂ ਅਮੋਲਕ ਛਿਨਾਂ, ਪਲਾਂ, ਘੜੀਆਂ, ਪਹਿਰਾਂ, ਦਿਨਾਂ, ਥਿੱਤਾਂ ਤੇ ਮਹੀਨਿਆਂ ਨੂੰ ਪ੍ਰਭੂ ਨਦਰ ਵਿੱਚ ਪਰਵਾਨ ਚੜ੍ਹਾਉਣ ਲਈ ਸਮੇਂ ਦੇ ਵੱਖੇ-ਵੱਖਰੇ "ਸਿਰਲੇਖ" ਗੁਰਬਾਣੀ ਅੰਦਰ ਲਿਖ ਕੇ ਸਾਨੂੰ ਸੰਸਾਰ ਮੰਚ ਅੰਦਰ ਆਪਣੀ ਜੀਵਨ ਖੇਡ ਸੁਚੱਜਤਾ ਤੇ ਸਫ਼ਲਤਾ ਨਾਲ ਖੇਡਣ ਅਤੇ ਆਪਣੇ ਜੀਵਨ-ਆਸ਼ੇ ਨੂੰ ਪ੍ਰਾਪਤ ਕਰਨ ਵਾਸਤੇ ਅਗਵਾਈ ਕੀਤੀ ਹੈ ਤਾਂ ਜੋ ਅਸੀਂ ਗੁਰੂ ਉਪਦੇਸ਼ ਸੁਣ ਅਤੇ ਮੰਨ ਕੇ ਪ੍ਰਭੂ ਨਦਰ ਦੇ ਪਾਤਰ ਬਣ ਸਕੀਏ । ਇਸੇ ਕੜੀ ਅਧੀਨ, ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਰਾਮ ਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇੱਕ-ਇੱਕ ਪਹਿਰ ਨੂੰ ਮੁੱਖ ਰੱਖ ਕੇ "ਪਹਰੇ" ਦੇ ਸਿਰਲੇਖ ਹੇਠ ਸਿਰੀ ਰਾਗ ਅੰਦਰ ਗੁਰਬਾਣੀ ਉਚਾਰਨ ਕਰਕੇ ਜੀਵ-ਆਤਮਾ ਨੂੰ ਅਗਿਆਨ ਭਰਮ ਦੀ ਨੀਂਦਰ ਤੋਂ ਉਥਾਨ ਕਰਕੇ ਸੱਚ ਨੂੰ ਦ੍ਰਿੜ ਕਰਵਾਉਣ ਦਾ ਪਰਉਪਕਾਰ ਕੀਤਾ ਹੈ, ਤਾਂ ਜੋ ਕੋਈ ਵਡਭਾਗੀ ਜੀਵ ਸੱਚ ਦੀ ਅਵਾਜ਼ ਨੂੰ ਸ੍ਰਵਣ ਕਰਕੇ ਸੱਤ-ਮਾਰਗ ਦਾ ਧਾਰਨੀ ਬਣ ਕੇ ਮਨੁੱਖਾ ਜਨਮ ਦੇ ਅਮੋਲਕ ਸਮੇਂ ਤੋਂ ਲਾਭ ਪ੍ਰਾਪਤ ਕਰਕੇ ਆਪਣੇ ਮੂਲ ਪ੍ਰਮਾਤਮਾ ਨਾਲ ਜੁੜ ਜਾਵੇ । ਜਿਵੇਂ ਰਾਤ ਦੇ ਚਾਰ ਪਹਿਰ ਹੁੰਦੇ ਹਨ, ਸਾਡੀ ਉਮਰ ਨੂੰ ਵੀ ਸਤਿਗੁਰੂ ਅਰਜਨ ਦੇਵ ਜੀ ਨੇ ਇੱਕ ਰਾਤ ਦਰਸਾਇਆ ਹੈ । ਆਪ ਜੀ ਦਾ ਗਉੜੀ ਰਾਗ ਅੰਦਰ ਫ਼ੁਰਮਾਨ ਹੈ:

**ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ ॥**

**ਗਉੜੀ (ਮਃ ੫) – ਅੰਗ ੨੧੨**

ਮਨੁੱਖੀ ਜੀਵਨ ਦੀ ਉਮਰ ਦੇ ਚਾਰ ਪੜਾਵਾਂ ਨੂੰ ਚਾਰ ਪਹਿਰ ਦਰਸਾ ਕੇ ਸਤਿਗੁਰੂ ਜੀ "**ਜਾ ਕਉ ਆਏ ਸੋਈ ਬਿਹਾਝਹੁ**" ਦੀ ਕਾਰ ਕਰਨ ਵਾਸਤੇ ਜੀਵ ਨੂੰ ਵਣਜਾਰਾ ਕਹਿ ਕੇ ਸੰਬੋਧਨ ਕਰਦੇ ਫ਼ੁਰਮਾਉਂਦੇ ਹਨ ਕਿ ਹੇ ਜੀਵ ! ਤੇਰੇ ਜੀਵਨ ਦੀ ਕਹਾਣੀ ਮਾਤਾ ਦੇ

ਗਰਭ ਤੋਂ ਅਰੰਭ ਹੋਈ ਪਰ ਤੂੰ ਮਾਇਆ ਦੇ ਪ੍ਰਭਾਵ ਕਾਰਨ ਉਸ ਸਮੇਂ ਦੇ ਬਿਖਮ ਦੁੱਖ ਨੂੰ ਭੁੱਲ ਗਿਆ ਹੈਂ । ਮਾਤਾ ਦੇ ਗਰਭ ਅੰਦਰ ਤੂੰ ਪੁੱਠਾ ਲਟਕਾਇਆ ਹੋਇਆ ਸੈਂ ਤੇ ਇਸ ਕੁੰਭੀ ਨਰਕ ਦੇ ਦੁੱਖ ਤੋਂ ਖਲਾਸੀ ਵਾਸਤੇ ਤੂੰ ਆਪਣੇ ਮਾਲਕ ਪਰਮਾਤਮਾ ਅੱਗੇ ਸਵਾਸ-ਸਵਾਸ ਅਰਦਾਸ ਕਰਦਾ ਸੈਂ, ਤੇਰੀ ਸੁਰਤ ਮਾਲਕ ਦੀ ਯਾਦ ਵਿੱਚ ਜੁੜੀ ਹੋਈ ਸੀ । ਹੇ ਜੀਵ ! ਤੂੰ ਪਰਮਾਤਮਾ ਪਾਸੋਂ ਨੰਗਾ ਹੀ ਆਇਆ ਤੇ ਇਸ ਸੰਸਾਰ ਵਿੱਚੋਂ ਵੀ ਨੰਗਾ ਹੀ ਤੁਰ ਜਾਏਂਗਾ । ਨਾ ਤੂੰ ਕੋਈ ਸਥੂਲ ਪੂੰਜੀ ਲੈ ਕੇ ਆਇਆ ਅਤੇ ਨਾ ਹੀ ਇਸ ਸੰਸਾਰ ਚੋਂ ਲਿਜਾ ਸਕੇਂਗਾ । ਪਰ ਤੂੰ ਸੰਸਾਰ ਵਿੱਚ ਆਉਣ ਸਮੇਂ ਆਪਣੇ ਪੂਰਬਲੇ ਕੀਤੇ ਕਰਮਾਂ ਦੀ ਰਾਸ, ਇਸ ਸੰਸਾਰ ਵਿੱਚ ਜ਼ਰੂਰ ਨਾਲ ਲੈ ਕੇ ਆਇਆ ਹੈਂ ਤੇ ਜਿਹੋ ਜਿਹੇ ਚੰਗੇ-ਮਾੜੇ ਕਰਮ ਤੂੰ ਸੰਸਾਰ ਮੰਚ ਉੱਪਰ ਹੁਣ ਕਰੇਂਗਾ ਉਹ ਕਰਮਾਂ ਦੀ ਰਾਸ ਤੂੰ ਮੁੜ ਆਪਣੀ ਆਤਮਾ ਨਾਲ ਲੈ ਜਾਵੇਗਾ । ਇਸ ਲਈ ਜੋ ਕਰਮ ਵੀ ਤੂੰ ਸੰਸਾਰ ਅੰਦਰ ਕਰਨਾ ਹੈ ਉਸ ਨੂੰ ਬਹੁਤ ਹੀ ਸੋਚ ਵੀਚਾਰ ਕੇ ਗੁਰੂ ਅਗਵਾਈ ਵਿੱਚ ਕਰਨ ਦਾ ਯਤਨ ਕਰ । ਸਾਹਿਬ ਗੁਰੂ ਨਾਨਕ ਦੇਵ ਜੀ ਦਾ ਪਹਿਲੇ ਪਹਿਰੇ ਦਾ ਉਪਦੇਸ਼ ਸੁਣ ਤੇ ਉਸ ਦੀ ਵਿਚਾਰ ਕਰ-

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥**
**ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥**
**ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥**
**ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥**
**ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥**
**ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥**

**-ਸਿਰੀਰਾਗੁ ਪਹਰੇ (ਮਃ ੧) - ਅੰਗ ੭੫**

ਮਨੁੱਖ ਦੇ ਜੀਵਨ ਦੇ ਦੂਸਰੇ ਪਹਿਰ, ਭਾਵ ਜਦੋਂ ਜੀਵ ਨੇ ਮਾਤਾ ਦੇ ਗਰਭ ਵਿਚੋਂ ਸੰਸਾਰ ਵਿੱਚ ਜਨਮ ਲਿਆ, ਉਸ ਸਮੇਂ ਮਨੁੱਖ ਨਾਲ ਕੀ ਵਰਤਾਰਾ ਵਰਤਿਆ । ਗੁਰੂ ਅਰਜਨ ਦੇਵ ਜੀ ਨੇ ਮਾਰੂ ਰਾਗ ਅੰਦਰ ਉਸ ਨੂੰ ਹੇਠ ਲਿਖੇ ਅਨੁਸਾਰ ਵਰਨਣ ਕੀਤਾ ਹੈ:

**ਵਿਚਹੁ ਗਰਭੈ ਨਿਕਲਿ ਆਇਆ ॥ ਖਸਮੁ ਵਿਸਾਰਿ ਦੁਨੀ ਚਿਤੁ ਲਾਇਆ॥**

**ਮ: ੫, ਪੰਨਾ ੧੦੦੭**

ਭਗਤ ਕਬੀਰ ਜੀ ਦਾ ਹੀ ਰਾਗ ਗਉੜੀ ਅੰਦਰ ਬਚਨ ਹੈ :

**ਜੋਨਿ ਛਾਡਿ ਜਉ ਜਗ ਮਹਿ ਆਇਓ ॥**
**ਲਾਗਤ ਪਵਨ ਖਸਮੁ ਬਿਸਰਾਇਓ ॥ ਪੰਨਾ ੩੩੭**

ਦੀ ਖੇਡ ਜੀਵ ਨਾਲ ਵਰਤ ਗਈ । ਸਵਾਸ-ਸਵਾਸ ਪਰਮਾਤਮਾ ਦੀ ਯਾਦ ਤੇ

ਅਰਦਾਸ ਸਭ ਕੁਝ ਮਾਇਆ ਦੇ ਪ੍ਰਭਾਵ ਕਾਰਣ ਵਿਸਰ ਗਿਆ। ਮਾਤਾ-ਪਿਤਾ, ਭੈਣ-ਭਰਾ, ਜੀਵ-ਬੱਚੇ ਨੂੰ ਮੇਰਾ-ਮੇਰਾ ਕਰਕੇ ਵਾਰੋ ਵਾਰੀ ਖੁਸ਼ੀ ਅੰਦਰ ਇਸ ਤਰ੍ਹਾਂ ਚੁੱਕ ਕੇ ਖਿਡਾਉਂਦੇ ਹਨ ਜਿਸ ਤਰ੍ਹਾਂ ਕ੍ਰਿਸ਼ਨ ਨੂੰ ਮਾਤਾ ਯਸ਼ੋਧਾ ਜੀ ਆਪਣੇ ਘਰ ਅੰਦਰ ਖਿਡਾਉਂਦੇ ਸਨ। ਮਾਤਾ ਕਹਿੰਦੀ ਹੈ ਮੇਰਾ ਪੁੱਤਰ ਹੈ, ਭੈਣ-ਭਰਾ ਕਹਿੰਦੇ ਹਨ ਕਿ ਸਾਡਾ ਭਰਾ ਹੈ। ਪਰ ਸਤਿਗੁਰੂ ਜੀ ਇਸ ਜੀਵ ਨੂੰ ਅਸਲੀਅਤ ਤੋਂ ਜਾਣੂ ਕਰਵਾਉਂਦੇ ਫ਼ੁਰਮਾਉਂਦੇ ਹਨ ਕਿ ਐ ਜੀਵ ! ਇਹ ਸਾਰੇ ਅੰਗ-ਸਾਕ ਜੋ ਤੈਨੂੰ ਮੇਰਾ-ਮੇਰਾ ਕਹਿੰਦੇ ਹਨ, ਯਾਦ ਰੱਖੀਂ ! ਇਨ੍ਹਾਂ ਵਿੱਚੋਂ ਅੰਤ ਸਮੇਂ ਇੱਕ ਨੇ ਵੀ ਤੇਰਾ ਸਾਥ ਨਹੀਂ ਦੇਣਾ। ਹੇ ਅਚੇਤ ਮੂਰਖ ਜੀਵ ! ਤੂੰ ਪਰਮਾਤਮਾ ਦਾ ਚਿੰਤਨ ਕਰ, ਪਰਮਾਤਮਾ ਨੇ ਹੀ ਤੇਰਾ ਸਾਥ ਦੇਣਾ ਹੈ। ਆਪ ਜੀ ਨੇ ਦੂਜੇ ਪਹਿਰੇ ਅੰਦਰ ਜੀਵ ਨੂੰ ਸਮਝਾਉਣ ਹਿਤ ਉਪਦੇਸ਼ ਪ੍ਰਦਾਨ ਕੀਤਾ ਹੈ :

**ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥**
**ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥**
**ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ॥**
**ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥**
**ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ॥**
**ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥੨॥**

**ਸਿਰੀਰਾਗੁ ਪਹਰੇ (ਮਃ ੧) – ਅੰਗ ੭੫**

ਮਨੁੱਖ ਦੀ ਉਮਰ ਦਾ ਤੀਸਰਾ ਪੜਾਅ ਭਾਵ ਜੁਆਨੀ ਦੀ ਅਵਸਥਾ ਕਿਵੇਂ ਬਤੀਤ ਹੁੰਦੀ ਹੈ, ਦਾ ਜ਼ਿਕਰ ਕਰਦੇ ਗੁਰਦੇਵ ਸਤਿਗੁਰੂ ਫ਼ੁਰਮਾਉਂਦੇ ਹਨ ਕਿ ਜਿਸ ਵੇਲੇ ਮਨੁੱਖ ਜੁਆਨੀ ਵਿੱਚ ਪੈਰ ਧਰਦਾ ਹੈ, ਮਨ ਅੰਦਰ ਪਰਮਾਤਮਾ ਦੀ ਚੇਤਨਾ ਦੀ ਥਾਂ ਧਨ-ਦੌਲਤ ਤੇ ਸੁੰਦਰ ਰੂਪ ਜੁਆਨੀ ਦੀ ਚੇਤਨਾ ਹੀ ਚੱਲਦੀ ਰਹਿੰਦੀ ਹੈ ਤੇ ਧਨ-ਦੌਲਤ ਤੇ ਜੋਬਨ ਦੀ ਪ੍ਰਾਪਤੀ ਵਾਸਤੇ ਮਨੁੱਖ ਜਾਇਜ਼-ਨਜਾਇਜ਼ ਕਰਮ ਕਰਨ ਤੋਂ ਵੀ ਸੰਕੋਚ ਨਹੀਂ ਕਰਦਾ। ਸਰੀਰ ਅੰਦਰ ਪੂਰਾ ਤਾਣ ਹੋਣ ਕਾਰਣ, ਮਨੁੱਖ ਹਰ ਕਿਸੇ ਨੂੰ ਤੀਲੇ ਸਮਾਨ ਸਮਝ ਕੇ ਹੰਕਾਰ ਕਰਦਾ ਹੈ। ਮਾਇਆ ਦੇ ਬੰਧਨਾਂ ਤੋਂ ਛੁਟਕਾਰੇ ਹਿੱਤ ਪਰਮਾਤਮਾ ਨਾਲ ਪਿਆਰ ਪਾਉਣ ਦੀ ਥਾਂ ਜੁਆਨੀ ਦੇ ਮਦ ਅਧੀਨ ਮਨੁੱਖ, ਧਨ-ਜੋਬਨ ਦੇ ਪਿਆਰ ਵਿੱਚ ਬੱਝਾ, ਸਗੋਂ ਮਾਇਆ ਦੇ ਬੰਧਨਾਂ ਵਿੱਚ ਫਸਣ ਵਾਲੇ ਕਰਮ ਹੀ ਕਰੀ ਜਾਂਦਾ ਹੈ। ਪਰਮਾਤਮਾ ਨੇ ਮਨੁੱਖ ਨੂੰ, ਧਰਮ ਨੂੰ ਮੁੱਖ ਰੱਖ ਕੇ ਨਾਮ ਦਾ ਵਪਾਰ ਕਰਨ ਲਈ ਸੰਸਾਰ ਵਿੱਚ ਭੇਜਿਆ ਸੀ ਪਰ ਮਾਇਆ ਦੇ ਪ੍ਰਭਾਵ ਵਿੱਚ ਫਸ ਕੇ ਮਨੁੱਖ ਨੇ ਨਾ ਧਰਮ ਦੇ ਸ਼ੁੱਭ ਕਾਰਜ ਕੀਤੇ ਅਤੇ ਨਾ ਹੀ ਪਰਮਾਤਮਾ ਦਾ ਨਾਮ ਜਪਿਆ, ਜਿਸ ਕਾਰਣ ਮਨੁੱਖ ਦਾ ਜੀਵਨ ਧਨ ਅਤੇ ਜੋਬਨ ਵਿੱਚ ਗ੍ਰਸਤ ਹੋ ਕੇ ਨਿਸਫਲ ਚਲਾ ਗਿਆ। ਸਤਿਗੁਰੂ ਮਨੁੱਖ ਨੂੰ ਤੀਸਰੇ ਪਹਿਰ ਦੁਆਰਾ ਅਸਲੀਅਤ ਦਰਸਾਉਂਦੇ ਫ਼ੁਰਮਾਉਂਦੇ ਹਨ ਕਿ :

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥
ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥
ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥
ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ॥
ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥੩॥

ਸਿਰੀਰਾਗੁ ਪਹਰੇ (ਮਃ ੧) – ਅੰਗ ੭੫

ਹੁਣ ਜ਼ਿੰਦਗੀ ਦਾ ਆਖ਼ਰੀ ਪੜਾਅ ਆ ਪਹੁੰਚਾ, ਜਿਵੇਂ ਕਿਰਸਾਣ ਪੱਕੀ ਹੋਈ ਫਸਲ ਨੂੰ ਵੱਢਣ ਵਾਸਤੇ ਲਾਵੇ (ਵਾਢੇ) ਲੈ ਕੇ ਪਹੁੰਚ ਜਾਂਦਾ ਹੈ ਤੇ ਫਸਲ ਨੂੰ ਵੱਢ ਕੇ ਲੈ ਜਾਂਦਾ ਹੈ। ਕਿਰਸਾਣ ਨੂੰ ਫਸਲ ਵੱਢਣ ਤੋਂ ਕੋਈ ਨਹੀਂ ਰੋਕ ਸਕਦਾ ਤਿਵੇਂ ਸਰੀਰ ਰੂਪੀ ਖੇਤ ਨੂੰ ਵੱਢਣ ਵਾਲਾ ਜਮ, ਆਖ਼ਰੀ ਸਮੇਂ ਜੀਵ-ਆਤਮਾ ਨੂੰ ਆ ਮੂੰਹ ਵਿਖਾਉਂਦਾ ਹੈ। ਜੀਵ-ਆਤਮਾ ਭਾਵੇਂ ਸਰੀਰ ਨੂੰ ਛੱਡ ਕੇ ਜਾਣਾ ਨਹੀਂ ਚਾਹੁੰਦੀ ਪਰ ਜਮਦੂਤਾਂ ਅੱਗੇ ਪੇਸ਼ ਨਹੀਂ ਜਾਂਦੀ। ਜਮਦੂਤਾਂ ਜੀਵ-ਆਤਮਾ ਨੂੰ ਸਰੀਰ ਵਿੱਚੋਂ ਜਬਰੀ ਕੱਢ ਕੇ ਲੈ ਜਾਂਦੇ ਹਨ। ਅੰਤ ਸਮੇਂ ਮਨੁੱਖ ਪਾਸ ਭਾਵੇਂ ਸਾਰੇ ਅੰਗ-ਸਾਕ, ਮਿੱਤ੍ਰ-ਦੋਸਤ, ਪਰਿਵਾਰ ਬੈਠਾ ਹੁੰਦਾ ਹੈ ਪਰ ਕਿਸੇ ਨੂੰ ਇਹ ਭੇਤ ਨਹੀਂ ਲੱਗਦਾ ਕਿ ਇਸ ਸਰੀਰ ਵਿੱਚ ਵਸਦੀ ਆਤਮਾ ਕਿੱਥੇ ਚਲੀ ਗਈ। ਸਰੀਰ ਵਿਚੋਂ ਆਤਮਾ ਨਿਕਲਣ ਉਪਰੰਤ ਸਰੀਰ ਨੂੰ ਮੁਰਦਾ ਕਰਾਰ ਦੇ ਕੇ ਸਾਰੇ ਸਾਕ-ਸੰਬੰਧੀ ਆਪਣੀ ਹਮਦਰਦੀ ਪ੍ਰਗਟ ਕਰਨ ਲਈ ਰੋਣਾ-ਪਿੱਟਣਾ ਸ਼ੁਰੂ ਕਰ ਦਿੰਦੇ ਹਨ। ਜਿਸ ਸਰੀਰ ਨੂੰ ਸਾਰੇ ਆਪਣਾ-ਆਪਣਾ ਕਹਿੰਦੇ ਸਨ, ਉਸ ਸਰੀਰ ਨੂੰ ਪਰਾਇਆ ਤੇ ਅਪਵਿੱਤ੍ਰ ਜਾਣ ਕੇ, ਸਰੀਰ ਨੂੰ ਸਾੜਨ ਦਾ ਜਾਂ ਧਰਤੀ ਵਿੱਚ ਦੱਬਣ ਦਾ ਇੰਤਜ਼ਾਮ ਕਰਨ ਲੱਗ ਜਾਂਦੇ ਹਨ। ਸਰੀਰ ਤਾਂ ਇੱਥੇ ਨਾਸ਼ ਕਰ ਦਿੱਤਾ ਜਾਂਦਾ ਹੈ, ਜੀਵ-ਆਤਮਾ ਨੇ ਸਾਰੀ ਉਮਰ ਜਿਹੜੀਆਂ ਵਸਤੂਆਂ ਨਾਲ ਪਿਆਰ ਪਾਈ ਰੱਖਿਆ, ਅਗਾਂਹ ਜੀਵ-ਆਤਮਾ ਨੂੰ ਉਹੋ ਜਿਹੀ ਜੂਨ ਪ੍ਰਾਪਤ ਹੋ ਜਾਂਦੀ ਹੈ। ਸਤਿਗੁਰਾਂ ਦਾ ਚੌਥੇ ਪਹਿਰ ਅੰਦਰ ਸੱਚਾਈ ਨੂੰ ਦ੍ਰਿੜ ਕਰਵਾਉਣ ਦਾ ਉਪਦੇਸ਼ ਪੜ੍ਹੀਏ ਤਾਂ ਜੋ ਗੁਰੂ ਉਪਦੇਸ਼ ਦਾ ਕਿਣਕਾ ਮਾਤਰ ਸਾਡੇ ਅੰਦਰ ਵੀ ਵਸ ਜਾਵੇ ਤੇ ਅਸੀਂ ਵੀ "**ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥**" ਦੀ ਕਾਰ ਕਰਕੇ ਸੁਰਖਰੂ ਹੋ ਸਕੀਏ।

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥
ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ॥
ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥
ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ ॥

**ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥**
**ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥੧॥**

**ਸਿਰੀਰਾਗੁ ਪਹਰੇ (ਮः ੧) - ਅੰਗ ੭੫**

ਇਸ ਪ੍ਰਕਾਰ ਜੀਵਨ ਦੇ "ਚਹੁੰ ਪਹਿਰਾਂ" ਨੂੰ ਸਫ਼ਲ ਕਰਕੇ ਜੀਵਨ-ਖੇਡ ਨੂੰ ਜਿੱਤਣ ਦੀ ਵਿਧੀ ਸਤਿਗੁਰੂ ਸਾਹਿਬਾਨ ਜੀ ਨੇ "ਪਹਰੇ" ਬਾਣੀ ਦੇ ਸਿਰਲੇਖ ਹੇਠ ਇਸ ਜੀਵ-ਪਾਤਰ ਨੂੰ ਪ੍ਰਦਾਨ ਕੀਤੀ ਹੈ।

ਅੱਠ ਪਹਿਰ ਬੀਤ ਜਾਣ ਦੇ ਸਮੇਂ ਨੂੰ "ਦਿਨ-ਰਾਤ" ਦੇ ਨਾਉਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਅਗਿਆਨ-ਭਰਮ ਤੇ ਮਾਇਆ ਦੇ ਪ੍ਰਭਾਵ ਅਧੀਨ ਮਨੁੱਖ ਦਾ ਦਿਨ-ਰਾਤ ਕਿਵੇਂ ਵਿਅਰਥ ਤੇ ਅਕਾਰਥ ਬਤੀਤ ਹੋ ਜਾਂਦਾ ਹੈ, ਉਸਦਾ ਖੁਲਾਸਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਉੜੀ ਰਾਗ ਅੰਦਰ ਹੇਠ ਲਿਖੇ ਅਨੁਸਾਰ ਕੀਤਾ ਹੈ :

**ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥**
**ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥੧॥**

**ਗਉੜੀ (ਮः ੧) - ਅੰਗ ੧੫੬**

ਬਾਬਾ ਫਰੀਦ ਜੀ ਦਾ ਫੁਰਮਾਨ ਹੈ ਕਿ :

**ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ ॥**
**ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥੩੮॥**

**ਸਲੋਕ (ਭ. ਫਰੀਦ) - ਅੰਗ ੧੩੭੯**

ਹੀਰੇ ਵਰਗਾ ਮਨੁੱਖਾ ਜੀਵਨ ਕਉਡੀਆਂ ਦੇ ਬਦਲੇ ਬਰਬਾਦ ਨਾ ਹੋਵੇ ਅਤੇ ਪ੍ਰਭੂ ਦਰਗਾਹ ਅੰਦਰ ਮਨੁੱਖਾ ਜਨਮ ਦਾ ਲੇਖਾ ਦੇਣਾ ਸੁਹੇਲਾ ਹੋ ਜਾਵੇ। ਇਸ ਬਰਬਾਦੀ ਤੋਂ ਕਿਵੇਂ ਬਚਣਾ ਅਤੇ ਸੁਰਖਰੂ ਮੁੱਖ ਲੈ ਕੇ ਕਿਵੇਂ ਸੰਸਾਰ ਚੋਂ ਜਾਣਾ ਹੈ ? ਦਾ ਉਪਦੇਸ਼ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਅੰਦਰ "ਦਿਨ ਰੈਣਿ" ਦੇ ਸਿਰਲੇਖ ਹੇਠ ਬਾਣੀ ਉਚਾਰ ਕੇ ਦਿਨ-ਰਾਤ ਨੂੰ ਸਕਾਰਥਾ ਕਰਨ ਦਾ ਉਪਦੇਸ਼ ਪ੍ਰਦਾਨ ਕੀਤਾ ਹੈ। ਆਪ ਫੁਰਮਾਨ ਕਰਦੇ ਹਨ ਕਿ ਹੇ ਜੀਵ ! ਜੇ ਤੂੰ ਮਨੁੱਖਾਂ ਜਨਮ ਨੂੰ ਸਫਲਾ ਕਰਨਾ ਲੋਚਦਾ ਹੈਂ ਤਾਂ ਤੂੰ ਦਿਨ-ਰਾਤ ਪਰਮਾਤਮਾ ਦਾ ਸਿਮਰਨ ਕਰਿਆ ਕਰ। ਮੂੰਹ 'ਚੋਂ' ਕਿਸੇ ਨੂੰ ਕੌੜਾ ਫਿੱਕਾ ਨਾ ਬੋਲੀਂ। ਹਮੇਸ਼ਾਂ ਰਸਨਾਂ ਦੁਆਰਾ ਦੂਸਰੇ ਨੂੰ ਸੁੱਖ ਦੇਣ ਵਾਲੇ ਮਿੱਠੇ ਬਚਨ ਹੀ ਉਚਾਰਿਆ ਕਰ। ਆਪਾ ਭਾਵ ਤਿਆਗ ਕੇ ਹਮੇਸ਼ਾ ਪਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕਰਿਆ ਕਰ ਕਿ ਹੇ ਪਰਮਾਤਮਾ ! ਮੈਂ ਆਪ ਜੀ ਤੋਂ ਅਨੇਕਾਂ ਜਨਮਾਂ ਤੋਂ ਵਿਛੜ ਕੇ ਦੁੱਖ ਭੋਗ ਰਿਹਾ ਹਾਂ, ਆਪ ਕਿਰਪਾ ਕਰਕੇ ਮੈਨੂੰ ਆਪਣੇ ਨਾਲ ਮੇਲ ਲਵੋ ਜੀ। ਮੈਂ ਹਰ ਥਾਂ ਟੋਲ ਭਾਲ ਕਰ ਚੁੱਕਾ

ਹਾਂ। ਆਪ ਜੀ ਦੇ ਮਿਲਾਪ ਤੋਂ ਬਿਨਾਂ ਕਿਸੇ ਥਾਂ ਤੋਂ ਕਿਸੇ ਤਰ੍ਹਾਂ ਵੀ ਸੁੱਖ-ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਹੇ ਮਾਲਕ ! ਆਪ ਤੋਂ ਵਿਛੋੜਾ ਪਾਉਣ ਵਾਲੇ ਮੇਰੇ ਹੀ ਕਰਮ ਹਨ। ਮੈਨੂੰ ਆਪ ਤੋਂ ਕਿਸੇ ਨੇ ਨਹੀਂ ਵਿਛੋੜਿਆ। ਮੈਂ ਜਾਣੇ-ਅਨਜਾਣੇ ਕੁਝ ਅਜਿਹੇ ਖੋਟੇ ਕਰਮ ਕਰ ਚੁੱਕਾ ਹਾਂ, ਉਨ੍ਹਾਂ ਮਾੜੇ ਕਰਮਾਂ ਨੇ ਮੈਨੂੰ ਆਪ ਤੋਂ ਵਿਛੋੜ ਦਿੱਤਾ ਹੈ। ਹੇ ਪਰਮਾਤਮਾ ! ਆਪ ਹੁਣ ਕਿਰਪਾ ਕਰਕੇ ਮੈਨੂੰ ਆਪਣੀ ਸ਼ਰਣ ਵਿੱਚ ਰੱਖ ਲਵੋ। ਤੁਹਾਥੋਂ ਬਗੈਰ ਮੇਰਾ ਹੋਰ ਕੋਈ ਸਹਾਰਾ ਨਹੀਂ ਹੈ। ਹੇ ਪਰਮਾਤਮਾ ! ਆਪ ਤੋਂ ਬਿਨਾਂ ਮੇਰਾ ਅਮੋਲਕ ਮਨੁੱਖਾ ਜਨਮ ਘੱਟੇ-ਕੌਡੀਆਂ ਬਣ ਮਿੱਟੀ ਵਿੱਚ ਰੁਲ ਜਾਣਾ ਹੈ। ਇਹ ਦੁੱਖ ਦਰਦ ਭਰੇ ਵੈਣ ਮੈਂ ਕਿਸ ਪਾਸ ਜਾ ਕੇ ਰੋਵਾਂ। ਮੇਰੀ ਆਪ ਦੇ ਚਰਨਾਂ ਵਿੱਚ ਬਾਰੰ-ਬਾਰ ਇਹ ਹੀ ਬੇਨਤੀ ਹੈ ਕਿ ਮੈਨੂੰ ਆਪਣੇ ਦਰਸ਼ਨ ਦੀਦਾਰ ਤੇ ਮਿਲਾਪ ਪ੍ਰਦਾਨ ਕਰੋ ਜੀ। ਸਤਿਗੁਰੂ ਅਰਜਨ ਦੇਵ ਜੀ ਦੀ ਮਾਝ ਰਾਗ ਅੰਦਰ ਉਚਾਰਨ ਕੀਤੀ ਬਾਣੀ **"ਦਿਨ ਰੈਣਿ"** ਦਾ ਇੱਕ ਅੰਕ ਹੀ ਪੜ ਲਈਏ, ਮਨੁੱਖਾ ਜਨਮ ਨੂੰ ਸਫ਼ਲ ਕਰਨ ਦਾ ਰਸਤਾ ਮਿਲ ਜਾਵੇਗਾ। ਆਪ ਦਾ ਫ਼ੁਰਮਾਨ ਹੈ:

**ਮਾਝ ਮਹਲਾ ੫ ਦਿਨ ਰੈਣਿ ੴ ਸਤਿਗੁਰ ਪ੍ਰਸਾਦਿ ॥**
**ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣ ॥**
**ਆਪੁ ਤਿਆਗਿ ਸਰਣੀ ਪਵਾਂ ਮੁਖਿ ਬੋਲੀ ਮਿਠੜੇ ਵੈਣ ॥**
**ਜਨਮ ਜਨਮ ਕਾ ਵਿਛੁੜਿਆ ਹਰਿ ਮੇਲਹੁ ਸਜਣੁ ਸੈਣ ॥**
**ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ ॥**
**ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ ਗੈਣ ॥**
**ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ ॥**
**ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ ॥**
**ਹਰਿ ਤੁਧੁ ਵਿਣੁ ਖਾਕੂ ਰੂਲਣਾ ਕਹੀਐ ਕਿਥੈ ਵੈਣ ॥**
**ਨਾਨਕ ਕੀ ਬੇਨੰਤੀਆ ਹਰਿ ਸੁਰਜਨੁ ਦੇਖਾ ਨੈਣ ॥੧॥**

**ਮਾਝ ਦਿਨ ਰੈਣਿ (ਮ: ੫) - ਅੰਗ ੧੩੬**

ਇਸ ਪ੍ਰਕਾਰ ਸੱਤ ਵਾਰੀ ਜਦੋਂ ਦਿਨ-ਰਾਤ ਬੀਤ ਜਾਂਦੇ ਹਨ ਤਾਂ ਇੱਕ ਸਤਵਾਰਾ (ਹਫ਼ਤਾ) ਬਣਦਾ ਹੈ। ਸੱਤਾਂ ਦਿਨਾਂ ਦੇ ਵੱਖੋ-ਵੱਖਰੇ ਨਾਉਂ ਸੰਸਾਰ ਅੰਦਰ ਪਰਚੱਲਤ ਹਨ। ਭਾਰਤ ਦੇਸ਼ ਵਿੱਚ ਇਨ੍ਹਾਂ ਦਿਨਾਂ ਨੂੰ ਆਮ ਕਰਕੇ ਐਤਵਾਰ, ਸੋਮਵਾਰ, ਮੰਗਲਵਾਰ ਨਾਵਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਇਨ੍ਹਾਂ ਸੱਤਾਂ ਦਿਨਾਂ ਦੇ ਨਾਵਾਂ ਨੂੰ ਮੁੱਖ ਰੱਖ ਕੇ ਬਿਲਾਵਲੁ ਰਾਗ ਅੰਦਰ ਸ੍ਰੀ ਗੁਰੂ ਅਮਰਦਾਸ ਜੀ ਨੇ ਅਤੇ ਗਉੜੀ ਰਾਗ ਅੰਦਰ ਬਾਬਾ ਕਬੀਰ ਜੀ ਨੇ ਲੁਕਾਈ ਨੂੰ ਇਨ੍ਹਾਂ ਦਿਨਾਂ ਨੂੰ ਚੰਗੇ ਜਾਣ ਕੇ ਇਨ੍ਹਾਂ ਦੀ ਪੂਜਾ ਕਰਨ ਜਾਂ ਮਾੜੇ ਜਾਣ ਕੇ ਦਿਨਾਂ ਦੇ ਪ੍ਰਭਾਵ ਤੋਂ ਭੈਅ ਖਾਣ ਤੋਂ ਵਰਜਦਿਆਂ, ਦਿਨਾਂ ਅਤੇ ਥਿੱਤਾਂ ਨੂੰ ਬਨਾਉਣ

ਵਾਲੇ ਪ੍ਰਮਾਤਮਾ ਦਾ ਬਾਰੰ-ਬਾਰ ਨਾਮ ਜਪਣ ਦੀ ਤਾਕੀਦ ਕਰਦਿਆਂ, ਬਾਹਰਮੁਖੀ ਲੜਾਈਆਂ ਝਗੜਿਆਂ ਨੂੰ ਸੰਕੋਚ ਕੇ ਆਪਣੇ ਮਨ ਨਾਲ ਝਗੜਾ ਕਰਕੇ ਬਾਹਰ ਜਾਂਦੇ ਮਨ ਨੂੰ ਅੰਤਰ ਮੁਖੀ ਕਰਨ ਵਿੱਚ ਆਪਣੀ ਸ਼ਕਤੀ ਨੂੰ ਖਰਚਣ ਦਾ ਮਾਰਗ ਦਰਸ਼ਨ ਕੀਤਾ ਹੈ। ਬਾਬਾ ਕਬੀਰ ਜੀ ਐਤਵਾਰ ਦਾ ਉਪਦੇਸ਼ ਕਰਦੇ ਫ਼ਰਮਾਉਂਦੇ ਹਨ :

**ਆਦਿਤ ਕਰੈ ਭਗਤਿ ਆਰੰਭ ॥ ਕਾਇਆ ਮੰਦਰ ਮਨਸਾ ਥੰਭ ॥**
**ਅਹਿਨਿਸਿ ਅਖੰਡ ਸੁਰਹੀ ਜਾਇ॥**
**ਤਉ ਅਨਹਦ ਬੇਣੁ ਸਹਜ ਮਹਿ ਬਾਇ ॥੧॥**

**- ਗਉੜੀ ਸਤ ਵਾਰ (ਭ. ਕਬੀਰ) ਅਮਗ ੩੪੪**

**ਸੁਕ੍ਰਿਤੁ ਸਹਾਰੈ ਸੁ ਇਹ ਬ੍ਰਤਿ ਚੜੈ ॥ ਅਨਦਿਨ ਆਪਿ ਆਪ ਸਿਉ ਲੜੈ ॥**

**ਗਉੜੀ ਸਤ ਵਾਰ (ਭ ਕਬੀਰ) - ਅੰਗ ੩੪੪**

ਦੀ ਕਾਰ ਕਰਦਾ ਹੈ। ਉਸ ਦੇ ਸਾਰੇ ਕਰਮਾਂ ਭਰਮਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਉਸ ਦੇ ਅੰਦਰ ਪ੍ਰਭੂ ਜੋਤੀ ਦਾ ਪ੍ਰਕਾਸ਼ ਹੋ ਜਾਂਦਾ ਹੈ। ਅਜਿਹੇ ਵਡਭਾਗੇ ਮਨੁੱਖ ਨੂੰ ਅੰਦਰ-ਬਾਹਰ ਸਾਰਿਆਂ ਵਿੱਚ ਪਰਮਾਤਮਾ ਦੀ ਜੋਤ ਵਸਦੀ ਹੀ ਦ੍ਰਿਸ਼ਟੀ ਆਉਣ ਲੱਗ ਜਾਂਦੀ ਹੈ :

**ਥਾਵਰ ਥਿਰੁ ਕਰਿ ਰਾਖੈ ਸੋਇ ॥ ਜੋਤਿ ਦੀ ਵਟੀ ਘਟ ਮਹਿ ਜੋਇ ॥**
**ਬਾਹਰਿ ਭੀਤਰਿ ਭਇਆ ਪ੍ਰਗਾਸੁ ॥ ਤਬ ਹੂਆ ਸਗਲ ਕਰਮ ਕਾ ਨਾਸੁ ॥੭॥**

**- ਗਉੜੀ ਸਤ ਵਾਰ (ਭ. ਕਬੀਰ) ਗੁਰੂ ਗ੍ਰੰਥ ਸਾਹਿਬ - ਅੰਗ ੩੪੪**

ਦੋ ਹਫ਼ਤਿਆਂ ਦਾ ਸਮਾਂ ਬੀਤਣ ਦੇ ਕਾਲ ਨੂੰ ਚੰਦਰਮਾ ਦੇ ਹਿਸਾਬ ਪੰਦਰਾਂ ਚਾਨਣ ਤੇ ਪੰਦਰਾਂ ਹਨ੍ਹੇਰ ਦੀਆਂ ਰਾਤਾਂ ਨੂੰ ਤਿਥਾਂ ਦਾ ਨਾਉਂ ਦਿੱਤਾ ਜਾਂਦਾ ਹੈ ਜਿਨ੍ਹਾਂ ਨੂੰ ਸੁਦੀ ਤੇ ਵਦੀ ਦੀਆਂ ਤਿਥਥ ਕਿਹਾ ਜਾਂਦਾ ਹੈ। ਪਿਛਲੇ ਸਮੇਂ ਅੰਦਰ ਅਤੇ ਅਜੋਕੇ ਕਾਲ ਵਿੱਚ ਵੀ ਭਰਮਾਂ ਵਹਿਮਾਂ ਅਧੀਨ ਅਗਿਆਨਤਾ ਵਿੱਚ ਫ਼ਸ ਕੇ ਲੋਕ ਥਿੱਤਾਂ ਨੂੰ ਆਪੋ ਆਪਣੇ ਅਕੀਦੇ ਅਨੁਸਾਰ ਮਾੜਾ-ਚੰਗਾ ਜਾਣ ਕੇ ਕਾਰ-ਵਿਹਾਰ ਕਰਦੇ ਤੇ ਪੂਜਦੇ ਸਨ। ਸਤਿਗੁਰਾਂ ਨੇ ਲੋਕਾਈ ਨੂੰ ਭਰਮਾਂ, ਵਹਿਮਾਂ ਵਿਚੋਂ ਬਾਹਰ ਕੱਢਣ ਦਾ ਨਿਰੰਤਰ ਯਤਨ ਜਾਰੀ ਰੱਖਦਿਆਂ ਸਖ਼ਤ ਸ਼ਬਦਾਂ ਵਿੱਚ ਤਾੜਨਾ ਕਰਦਿਆਂ ਫੁਰਮਾਨ ਕੀਤਾ ਕਿ ਜਿਹੜੇ ਮਨੁੱਖ ਇੱਕ ਪਰਮਾਤਮਾ, ਜੋ ਤਿਥਾਂ ਤੇ ਸਮੇਂ ਨੂੰ ਬਨਾਉਣ ਵਾਲਾ ਹੈ, ਉਸ ਦੇ ਨਾਮ ਨੂੰ ਭੁਲਾ ਕੇ ਦ੍ਵੈਤ ਭਾਵ ਪੈਦਾ ਕਰਨ ਵਾਲੀਆਂ ਥਿਤਾਂ ਤੇ ਵਾਰਾਂ ਨੂੰ ਪੂਜਦੇ ਹਨ, ਉਹ ਨਿਰਾ ਮੂਰਖ ਹੀ ਨਹੀਂ, ਉਹ ਮਹਾਂ ਮੂਰਖ ਅਖਵਾਉਂਦੇ ਹਨ।

**ਸਤਿਗੁਰ ਬਾਝਹੁ ਅੰਧੁ ਗੁਬਾਰੁ ॥ਥਿਤੀ ਵਾਰ ਸੇਵਹਿ ਮੁਗਧ ਗਵਾਰ ॥**

**ਬਿਲਾਵਲੁ ਸਤ ਵਾਰ (ਮਃ ੩) - ਅੰਗ ੮੪੩**

ਇਸੇ ਕੜੀ ਅਧੀਨ ਸਮੇਂ ਦੀ ਚਾਲ ਚਲਦਿਆਂ ਸੁਦੀ ਵਦੀ ਦੀਆਂ ਪੰਦਰਾਂ-ਪੰਦਰਾਂ ਤਿਥਾਂ ਭਾਵ ਤੀਹ ਦਿਨ ਬਤੀਤ ਹੋ ਜਾਂਦੇ ਹਨ। ਤੀਹ ਦਿਨ ਦੇ ਇਕੱਠੇ ਸੁਮੇਲ ਨੂੰ ਮਾਹ ਜਾਂ ਮਹੀਨਾ ਕਿਹਾ ਜਾਂਦਾ ਹੈ। ਬਾਰਾਂ ਮਹੀਨੇ ਬੀਤਣ ਉਪਰੰਤ ਇੱਕ ਸਾਲ ਸਮਾਪਤ ਹੁੰਦਾ ਹੈ। ਸਤਿਗੁਰਾਂ, ਸਾਡੇ ਮਾਇਆ ਵੇੜੇ ਜੀਵਾਂ ਦੇ ਬਾਰਾਂ ਮਹੀਨੇ ਸਫਲ ਕਰਨ ਵਾਸਤੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਅੰਦਰ ਬਾਰਹ ਮਾਹਾ ਬਾਣੀ ਦੇ ਸਿਰਲੇਖ ਹੇਠ ਦੋ ਬਾਰਹ ਮਾਹਾ ਦਰਜ ਕਰਕੇ, ਸੰਸਾਰ ਮੰਚ ਅੰਦਰ ਮਨੁੱਖ ਆਪਣੇ ਸਫ਼ਲ ਜੀਵਨ ਦਾ ਪਾਰਟ ਅਦਾ ਕਰ ਸਕੇ, ਉਪਦੇਸ਼ ਪ੍ਰਦਾਨ ਕੀਤਾ ਹੈ।

**ਧੰਨਵਾਦਿ ਸਾਹਿਤ ਵਿਚੋਂ :- ਬਾਰਹ ਮਾਹਾ ਮਾਂਝ**

## ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ

**ਬਲਵਿੰਦਰ ਸਿੰਘ 'ਸਾਗਰ'**

ਉਪਰੋਕਤ ਮਹਾਂ ਬੋਲ ਸ਼ਾਤੀ ਦੇ ਪੁੰਜ, ਬਾਣੀ ਦੇ ਬੋਹਿਥ, ਸ਼ਹੀਦਾਂ ਦੇ ਸਰਤਾਜ ਧੰਨ ਗੁਰੂ ਅਰਜੁਨ ਦੇਵ ਜੀ ਦੀ ਮੁਬਾਰਕ ਰਸਨਾਂ ਚੋਂ ਪ੍ਰਗਟ ਹੋਏ ਹਨ। ਇਹ ਬਚਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੨੫੭ ਉੱਤੇ ਰਾਗ ਗਉੜੀ ਵਿੱਚ ਸੁਸ਼ੋਭਿਤ ਹਨ। ਆਪ ਜੀ ਫੁਰਮਾਉਂਦੇ ਹਨ :

**ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ ॥**
**ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ ॥**
**ਦੈਨਹਾਰੁ ਸਦ ਜੀਵਨਹਾਰਾ ॥ ਮਨ ਮੂਰਖ ਕਿਉ ਤਾਹਿ ਬਿਸਾਰਾ ॥**

**ਗਉੜੀ ਬ.ਅ.(ਮਃ ੫)- ਅੰਗ ੨੫੭**

ਮਨੁੱਖ ਦੀਆਂ ਲੋੜਾਂ ਜਨਮ ਤੋਂ ਹੀ ਆਰੰਭ ਹੋ ਜਾਂਦੀਆਂ ਹਨ। ਗਰਭ ਕਾਲ ਵਿੱਚ ਜੀਵ ਦੀਆਂ ਸਮੁੱਚੀਆਂ ਲੋੜਾਂ ਮਾਤਾ ਦੇ ਪੇਟ ਵਿਚੋਂ ਹੀ ਪੂਰੀਆਂ ਹੋ ਜਾਂਦੀਆਂ ਹਨ। ਲਿਹਾਜ਼ਾ ਮਨੁੱਖ ਨੂੰ ਇਨ੍ਹਾਂ ਲੋੜਾਂ ਦਾ ਬੋਧ ਹੀ ਨਹੀਂ ਹੁੰਦਾ। ਬੋਧ ਨਾ ਹੋਣ ਕਰਕੇ ਜੀਵ ਦੀ ਕੋਈ ਲੋੜ-ਮੰਗ ਵੀ ਨਹੀਂ ਹੁੰਦੀ। ਗੁਰਬਾਣੀ ਵੀ ਇਸ ਗੱਲ ਦੀ ਪ੍ਰੋੜਤਾ ਕਰਦੀ ਹੈ ਕਿ,

**ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ ॥**
**ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥**

**ਰਾਮਕਲੀ ਅਨੰਦ (ਮਃ ੩)- ਅੰਗ ੯੨੧**

ਅਥਵਾ

ਐਥੈ ਓਥੈ ਤੂੰਹੈ ਰਖਵਾਲਾ ॥ ਮਾਤ ਗਰਭ ਮਹਿ ਤੁਮ ਹੀ ਪਾਲਾ ॥

ਮਾਝ (ਮਃ ੫) ਅੰਗ ੧੩੨

ਅਥਵਾ

ਮਾਤ ਗਰਭ ਤੁਮ ਹੀ ਪ੍ਰਤਿਪਾਲਕ ਮ੍ਰਿਤ ਮੰਡਲ ਇਕ ਤੁਹੀ ॥੧॥ ਰਹਾਉ ॥

ਸਾਰੰਗ (ਮਃ ੫) – ਅੰਗ ੧੨੧੫

ਗੁਰਬਾਣੀ ਵਿਚ ਸਾਨੂੰ ਐਸੇ ਅਨੇਕਾਂ ਪ੍ਰਮਾਣ ਮਿਲਦੇ ਹਨ ਕਿ ਗਰਭ ਕਾਲ ਵਿਚ ਮਨੁਖ ਦਾ ਪਾਲਨ ਪੋਸ਼ਨ ਅਕਾਲਪੁਰਖ-ਵਾਹਿਗੁਰੂ ਆਪ ਕਰਦਾ ਹੈ। ਇਸ ਵਿਚ ਰੱਤੀ ਭਰ ਵੀ ਸ਼ੱਕ ਬਾਕੀ ਨਹੀ ਹੈ । ਪਰ ਜਨਮ ਲੈਂਦਿਆਂ ਹੀ ਜੀਵ ਦੀਆਂ ਲੋੜਾਂ ਸ਼ੁਰੂ ਹੋ ਜਾਂਦੀਆਂ ਹਨ । ਸਭ ਤੋਂ ਪਹਿਲੀ ਲੋੜ ਹੈ ਪੇਟ ਦੀ ਭੁੱਖ । ਭਾਵੇ ਮਾਂ ਬੱਚੇ ਦਾ ਬੇਹੱਦ ਧਿਆਨ ਰੱਖਦੀ ਹੈ । ਬੜੀ ਸੁਚੇਤਤਾ ਨਾਲ ਬਾਲ ਦੀਆਂ ਲੋੜਾਂ ਪੂਰੀਆਂ ਕਰਦੀ ਹੈ । ਫਿਰ ਵੀ ਬੱਚੇ ਨੂੰ ਜਦੋਂ ਭੁੱਖ ਲਗਦੀ ਹੈ ਉਹ ਰੋਂਦਾ ਹੈ । ਲੋੜ ਪੂਰੀ ਹੁੰਦਿਆਂ ਹੀ ਸ਼ਾਂਤ ਹੋ ਜਾਂਦਾ ਹੈ । ਇਸੇ ਤਰ੍ਹਾਂ ਦੂਸਰੀਆਂ ਸ਼ਰੀਰਕ ਲੋੜਾਂ ਹਨ । ਅਜੇ ਤੱਕ ਜੀਵ ਦੀਆਂ ਲੋੜਾਂ ਕੇਵਲ ਅਤੇ ਕੇਵਲ ਸ਼ਰੀਰਕ ਹੀ ਹਨ । ਮਨ ਵਿੱਚ ਹੋਰ ਕੋਈ ਮੰਗ ਨਹੀਂ, ਲੋੜ ਨਹੀਂ । ਮਨ ਅਤਿ ਨਿਰਮਲ ਅਤੇ ਸੰਤੁਸ਼ਟ ਹੁੰਦਾ ਹੈ ।

ਪ੍ਰੰਤੂ ਹੋਸ਼ ਸੰਭਾਲਦਿਆ ਹੀ ਬੱਚੇ ਦੀਆਂ ਲੋੜਾਂ ਵਿੱਚ ਬਦਲਾਅ ਅਤੇ ਵਾਧਾ ਹੋਣ ਲਗਦਾ ਹੈ । ਇਥੋਂ ਹੀ ਮੰਗਾ ਦਾ ਭਾਵ ਤ੍ਰਿਸ਼ਨਾ ਦੀ ਆਰੰਭਤਾ ਹੁੰਦੀ ਹੈ । ਧੰਨ ਗੁਰੂ ਅਮਰਦਾਸ ਜੀ ਦੇ ਮਹਾਂ ਬੋਲ ਜੋ ਆਨੰਦ ਸਾਹਿਬ ਵਿੱਚ ਦਰਜ ਹਨ ਜੋ ਇਸ ਗੱਲ ਨੂੰ ਖੋਲਦੇ ਹਨ । ਆਪ ਜੀ ਦਾ ਫੁਰਮਾਨ ਹੈ ।

ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥

ਰਾਮਕਲੀ ਅਨੰਦ (ਮਃ ੩) – ਅੰਗ ੯੨੧

ਮਾਇਆ ਦਾ ਇਹ ਵਰਤਾਰਾ ਮਨੁੱਖ ਦੇ ਜੀਵਨ ਦਾ ਅੰਗ ਬਣ ਜਾਂਦਾ ਹੈ । ਫਿਰ ਸ਼ੁਰੂ ਹੋ ਜਾਂਦਾ ਹੈ ਇੱਕ ਨਾ ਮੁੱਕਣ ਵਾਲਾ ਘਟਨਾ ਚਕ੍ਰ ਜਿਸ ਦਾ ਕੋਈ ਅੰਤ ਹੀ ਨਹੀਂ । ਆਉ ਇਸ ਬਚਨ ਨੂੰ ਸਮਝਣ ਅਤੇ ਦ੍ਰਿੜ ਕਰਨ ਦਾ ਯਤਨ ਕਰੀਏ ।

ਮਨੁੱਖ ਦੀਆਂ ਵਾਜਬ ਲੋੜਾਂ ਵੀ ਹੁੰਦੀਆਂ ਹਨ ਜਿਨ੍ਹਾਂ ਦੀ ਪੂਰਤੀ ਜਰੂਰੀ ਹੁੰਦੀ ਹੈ । ਇਨ੍ਹਾਂ ਲੋੜਾਂ ਦੀ ਪੂਰਤੀ ਬਿਨਾਂ ਜੀਵਨ ਸੰਭਵ ਹੀ ਨਹੀ । ਪ੍ਰੰਤੂ ਇਸੇ ਮੋੜ ਤੇ ਹੀ ਅਸੀ ਭੁਲੇਖਾ ਖਾ ਜਾਂਦੇ ਹਾਂ । ਇਹ ਲੋੜਾਂ ਦੀ ਪੂਰਤੀ ਦਾ ਇੱਕ ਮਾਤ੍ਰ ਉਪਾਅ ਅਸੀਂ ਧਨ-ਸੰਪਤੀ ਅਤੇ ਸਮਰਿਦੀ ਨੂੰ ਮਨ ਲੈਦੇਂ ਹਾਂ । ਇਹ ਦੁਨੀਆਵੀ ਲੋੜਾ ਦੀ ਪੂਰਤੀ ਲਈ ਅਸੀ ਪੱਕੇ ਦੁਨੀਆ-ਦਾਰ ਬਣ ਜਾਂਦੇ ਹੈਂ । ਦੁਨੀਆਂ ਮਗਰ ਲਗ ਜਾਂਦੇ ਹਾਂ । ਲੋੜਾਂ ਦੀ ਪੂਰਤੀ ਹੀ

ਸਾਡੀ ਜ਼ਿੰਦਗੀ ਦਾ ਇਕੋ ਇਕ ਮਨੋਰਥ ਬਣ ਜਾਂਦਾ ਹੈ । ਸਾਰੀ ਜ਼ਿੰਦਗੀ ਲੋਕਾਂ ਦੇ ਮਗਰ-ਮਗਰ ਅਪਣੀਆਂ ਲੋੜਾ ਦੀ ਪੂਰਤੀ ਕਰਦੇ ਫਿਰਦੇ ਹਾਂ । ਸਾਡੇ ਅੰਤਰ ਮਨ ਵਿੱਚ ਇਹ ਗੱਲ ਪੱਕੀ ਹੋ ਜਾਂਦੀ ਹੈ ਕਿ ਸਾਰੀਆਂ ਲੋੜਾਂ ਅਤੇ ਸੁੱਖ-ਆਰਾਮ ਸੰਸਾਰਕ ਬੰਦਿਆ ਤੋਂ ਹੀ ਪੂਰੇ ਹੋਏ ਹਨ । ਅਸੀ ਜਾਣੇ ਅਣਜਾਣੇ ਵਿੱਚ ਨਿਰੰਕਾਰ ਨਾਲੋ ਟੁੱਟ ਕੇ ਸੰਸਾਰ ਨਾਲ ਜੁੜ ਜਾਂਦੇ ਹਾਂ । ਇਹ ਗੱਲ ਭੁੱਲ ਜਾਂਦੇ ਹਾਂ ਕਿ ਦਾਤਾ ਸਿਰਫ ਅਤੇ ਸਿਰਫ ਅਕਾਲਪੁਰਖ ਹੈ। ਹਾਲਾਂ ਕਿ ਗੁਰਬਾਣੀ ਵੀ ਰੋਜ ਪੜ੍ਹਦੇ ਹਾਂ । ਸਿੱਖੀ ਦਾ ਮੂਲ ਮੰਤਰ, ਮੂਲ ਸਿਧਾਂਤ "ਜਪੁਜੀ ਸਹਿਬ" ਜੋ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਬਖਸ਼ਿਆ ਅਤੇ ਦ੍ਰਿੜ ਕਰਵਾਇਆ ਕਿ:

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥

ਜਪੁ (ਮਃ ੧) ਅੰਗ ੨

ਅਥਵਾ

ਸਭਨਾ ਜੀਆ ਕਾ ਏਕੋ ਦਾਤਾ ਸਬਦੇ ਮਾਰਿ ਜੀਵਾਵਣਿਆ ॥੫

ਮਾਝ (ਮਃ ੩) ਅੰਗ ੧੧੨

ਇਸ ਬਚਨ ਨੂੰ ਅਸੀਂ ਰੋਜ਼ ਪੜ੍ਹਦੇ ਸੁਣਦੇ ਹਾਂ ਪਰੰਤੂ ਰੋਜ਼ ਭੁੱਲ ਜਾਂਦੇ ਹਾਂ । ਪੜ੍ਹ ਕੇ ਛੱਡ ਦਿੰਦੇ ਹਾਂ । ਨਾ ਹੀ ਯਾਦ ਰੱਖਦੇ ਹਾਂ , ਨਾ ਹੀ ਮਨ ਵਿੱਚ ਵਸਾਉਂਦੇ ਹਾਂ ਅਤੇ ਨਾ ਹੀ ਮੰਨਦੇ ਹਾਂ । ਗੁਰਬਾਣੀ ਸਾਨੂੰ ਅਨੇਕਾਂ ਬਾਰ ਇਹੀ ਗਲ ਸਮਝਾਉਂਦੀ ਹੈ ਕਿ ਦਾਤਾ ਕੇਵਕ ਇਕੋ ਹੈ,

**ਏਕੁ ਦਾਤਾਰੁ ਸਗਲ ਹੈ ਜਾਚਿਕ ਦੂਸਰ ਕੈ ਪਹਿ ਜਾਵਉ ॥੧ ॥**

**ਆਸਾ (ਮਃ ੫) ਅੰਗ ੪੦੧**

**ਅਥਵਾ**

**ਇਕੁ ਦਾਤਾਰੁ ਸਗਲ ਹੈ ਜਾਚਿਕ ਦੇਹਿ ਦਾਨੁ ਸ੍ਰਿਸਟੀਜਾ ਹੇ ॥੯॥**

**ਮਾਰੂ ਸੋਲਹੇ (ਮਃ ੫) ਅੰਗ ੧੦੭੪**

**ਅਥਵਾ**

**ਇਕੁ ਦਾਤਾ ਸਭੁ ਜਗਤੁ ਭਿਖਾਰੀਆ ਹਰਿ ਜਾਚਹਿ ਸਭ ਮੰਗ ਮੰਗਨਾ ॥**

**ਕਾਨੜੇ ਕੀ ਵਾਰ (ਮਃ ੪) ਅੰਗ ੧੩੧੩**

ਸਾਨੂੰ ਬਿਲਕੁਲ ਵੀ ਧਿਆਨ ਨਹੀਂ ਆਉਂਦਾ ਕਿ ਅਸੀ ਕੀ ਕਰ ਰਹੇ ਹਾਂ । ਅਸੀਂ ਬਿਲਕੁਲ ਹੀ ਭੁੱਲ ਗਏ ਹਾਂ ਕਿ:

ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ ॥
ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ ॥੧॥

ਗਉੜੀ ਸੁਖਮਨੀ (ਮਃ ੫) ਅੰਗ ੨੬੮

ਮਨੁੱਖ ਚਾਹੁੰਦੇ ਨਾ ਚਾਹੁੰਦੇ ਹੋਏ ਵੀ ਆਪਣੀ ਜ਼ਿੰਦਗੀ ਨੂੰ ਇਨ੍ਹਾਂ ਲੋੜਾਂ ਦਾ ਗੁਲਾਮ ਬਣਾ ਲੈਂਦਾ ਹੈ । ਨਤੀਜਾ ਇਹ ਹੁੰਦਾ ਹੈ ਕਿ ਮਨੁੱਖ ਮੰਗਤਿਆਂ ਦਾ ਮੰਗਤਾ ਬਣ ਜਾਂਦਾ ਹੈ । ਦੁਨੀਆਂ ਮਗਰ ਭੱਜਦਾ ਹੈ । ਇਹ ਭੱਜ ਦੌੜ ਅਤੇ ਭਟਕਣਾ ਹੀ ਜ਼ਿੰਦਗੀ ਬਣ ਜਾਂਦੀ ਹੈ । ਫ਼ਰਕ ਸਿਰਫ ਇਤਨਾ ਹੈ ਕਿ ਇੱਕ ਅਮੀਰ ਬੰਦਾ ਧਰਮ ਸਥਾਨ ਦੇ ਅੰਦਰ ਜਾ ਕੇ ਮੰਗਦਾ ਹੈ ਅਤੇ ਬਹੁਤ ਸਾਰੇ ਬਾਹਰ ਬੈਠੇ ਉਸ ਮਨੁੱਖ ਤੋਂ ਮੰਗਦੇ ਹਨ । ਬਸ ਹਰ ਬੰਦਾ ਹੀ ਕਿਸੇ ਨ ਕਿਸੇ ਮਨੁੱਖ ਦਾ ਮੰਗਤਾ ਬਣ ਜਾਂਦਾ ਹੈ । ਇਸ ਦੌੜ ਵਿੱਚ ਨਿਰੰਕਾਰ ਨੂੰ ਭੁਲਕੇ ਸੰਸਾਰ ਦਾ ਪੁਜਾਰੀ ਬਣ ਜਾਂਦਾ ਹੈ । ਗੁਰਬਾਣੀ ਦਾ ਪਵਿਤ੍ਰ ਫੁਰਮਾਣ ਹੈ ਕਿ

ਐਸਾ ਜਗੁ ਦੇਖਿਆ ਜੂਆਰੀ ॥
ਸਭਿ ਸੁਖ ਮਾਗੈ ਨਾਮੁ ਬਿਸਾਰੀ॥੧॥ਰਹਾਉ॥ ਗਉੜੀ (ਮਃ ੧) ਅੰਗ੨੨੨

ਅਥਵਾ

ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਧਨਾਸਰੀ (ਮਃ ੫) – ਅੰਗ ੬੭੬

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ ॥
ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮ ॥

ਮਾਰੂ ਵਾਰ:੧ (ਮਃ ੫) ਅੰਗ ੧੦੯੩

ਅਥਵਾ

ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥
ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥

ਸਲੋਕ ਵਾਰਾਂ ਤੇ ਵਧੀਕ (ਮਃ ੯) ਅੰਗ ੧੪੨੭

ਮਨੁਖ ਦਾਤੇ ਨੂੰ ਨਹੀਂ ਕੇਵਲ ਦਾਤਾਂ ਨੂੰ ਮੰਗਦਾ ਹੈ । ਮਾਇਆ ਇਕੱਠੀ ਕਰਨ ਤੋਂ ਬਾਅਦ ਮਨੁੱਖ ਦਾ ਜੋ ਹਸ਼ਰ ਹੁੰਦਾ ਹੈ ਉਹ ਵੀ ਗੁਰਬਾਣੀ ਦਸਦੀ ਹੈ ।

ਮਾਇਆਧਾਰੀ ਅਤਿ ਅੰਨਾ ਬੋਲਾ ॥ ਸਬਦੁ ਨ ਸੁਣਈ ਬਹੁ ਰੋਲ ਘਚੋਲਾ॥

ਗਉੜੀ ਕੀ ਵਾਰ:੧ (ਮਃ ੩) ਅੰਗ ੩੧੩

ਕਿਉਂਕਿ ਅੰਨਾ, ਬੋਲਾ ਮਨੁਖ ਅਕਸਰ ਪਾਪੀ , ਅਧਰਮੀ ਅਤੇ ਕੁਕਰਮੀ ਬਣ ਜਾਂਦਾ ਹੈ । ਫਿਰ ਇਨ੍ਹਾਂ ਕਰਮਾਂ ਦਾ ਫਲ ਭੁਗਤਦਾ ਹੈ । ਖੁਦ ਨੂੰ ਸਭ ਕੁਝ ਦਾ ਮਾਲਕ

ਸਮਝਣ ਵਾਲਾ ਮਨੁੱਖ ਇਸੇ ਭੁਲੇਖੇ ਵਿਚ ਹੀ ਮਸਤ ਹੋ ਜੀਵਨ ਬਿਤਾਈ ਜਾਂਦਾ ਹੈ । ਜਦ ਕਿ ਅੰਤ ਇਹ ਗੱਲ ਗਲਤ ਸਿੱਧ ਹੋ ਜਾਂਦੀ ਹੈ । ਗੁਰਬਾਣੀ ਦਾ ਪਵਿੱਤਰ ਫਰਮਾਣ ਹੈ:

**ਕਰਿ ਕਰਿ ਅਨਰਥ ਬਿਹਾਝੀ ਸੰਪੈ ਸੁਇਨਾ ਰੂਪਾ ਦਾਮਾ ॥**
**ਭਾੜੀ ਕਉ ਓਹੁ ਭਾੜਾ ਮਿਲਿਆ ਹੋਰੁ ਸਗਲ ਭਇਓ ਬਿਰਾਨਾ ॥੩॥**

**ਗੂਜਰੀ (ਮਃ ੫) ਅੰਗ ੪੯੭**

ਅਥਵਾ

**ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥**

**ਆਸਾ (ਮਃ ੧) – ਅੰਗ੪੧੭**

ਸਾਡੀ ਹਾਲਤ ਇਤਨੀ ਸਵੈਵਿਰੋਧੀ ਹੋ ਜਾਂਦੀ ਹੈ ਕਿ ਅਸੀ ਜੋ ਨਹੀ ਕਰਨਾ ਉਹ ਸਭ ਕੁਝ ਕਰਦੇ ਹਾਂ । ਜੋ ਕਰਨਾ ਸੀ ਉਹ ਭੁਲੀ ਬੈਠੇ ਹਾਂ। ਰਾਮ ਨਾਮ ਛਡ ਕੇ ਪਦਾਰਥਾਂ ਮਗਰ ਭਜਦੇ ਫਿਰਦੇ ਹਾਂ। ਤਿਆਗ ਅਤੇ ਵੈਰਾਗ ਦੀ ਮੂਰਤ ਧੰਨ ਗੁਰੂ ਤੇਜ਼ ਬਹਾਦਰ ਜੀ ਦਾ ਪਵਿਤਰ ਫੁਰਮਾਨ ਹੈ ,

**ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥ ਸਲੋਕ ਮ:੯ ਅੰਗ ੧੪੨੬**

ਪੰਚਮ ਪਿਤਾ ਸਾਡੀ ਜੀਵਨ ਸ਼ੈਲੀ ਦਾ ਚਿਤਰਨ ਕੁਝ ਇਸ ਤਰ੍ਹਾ ਚਿਤਰਦੇ ਹਨ

ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ ॥
ਗੋਬਿੰਦੁ ਨ ਭਜੈ ਅਹੰਬੁਧਿ ਮਾਤਾ ਜਨਮੁ ਜੂਐ ਜਿਉ ਹਾਰੈ ॥
ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ ਪਰ ਨਿੰਦਾ ਹਿਤਕਾਰੈ ॥
ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ ॥੧॥
ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ ॥
ਓਢੈ ਬਸਤ੍ਰ ਕਾਜਰ ਮਹਿ ਪਰਿਆ ਬਹੁਰਿ ਬਹੁਰਿ ਫਿਰਿ ਝਾਰੈ ॥੨॥
ਕਾਟੈ ਪੇਡੁ ਡਾਲ ਪਰਿ ਠਾਢੌ ਖਾਇ ਖਾਇ ਮੁਸਕਾਰੈ ॥
ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ ॥੩॥

ਸਾਰੰਗ (ਮਃ ੫) – ਅੰਗ ੧੨੦੫

ਅੰਤ ਜਦ ਮਨੁੱਖ ਨੂੰ ਸੋਝੀ ਪੈਂਦੀ ਹੈ ਕਿ ਨਾ ਮਾਇਆ ਮੇਰੀ ਹੈ , ਨਾ ਹੀ ਉਹ ਲੋਗ਼, ਸਾਕ ਸਨਬੰਧੀ ਹੀ ਮੇਰੇ ਹਨ ਜਿਨ੍ਹਾ ਲਈ ਮੈਂ ਸਾਰਾ ਕੁਝ ਇਕੱਠਾ ਕੀਤਾ, ਫਿਰ ਪਛਤਾਉਂਦਾ ਹੈ । ਪਰ ਹੁਣ ਤੱਕ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ । ਪਰ ਅਜੇ ਵੀ ਵਿਗੜੀ ਬਣ ਸਕਦੀ ਹੈ । ਸੋ ਸਮਝਦਾਰੀ ਇਸੇ ਵਿਚ ਹੈ ਕਿ ਗੁਰਬਾਣੀ ਤੋਂ ਸੇਧ ਲੈ ਕਰਕੇ ਦਾਤਾਂ ਦੇ ਪਿਛੇ ਨਾ ਭੱਜ ਕੇ ਦਾਤੇ ਨੂੰ ਚੇਤੇ ਰਖੀਏ । ਉਸੇ ਦੀ ਆਰਾਧਨਾ ਅਤੇ ਸਿਮਰਨ ਕਰੀਏ ।

ਕੇਵਲ ਇਕੋ ਵਾਹਿਗੁਰੂ ਅੱਗੇ ਝੋਲੀ ਫੈਲਾਈਏ । ਜੋ ਹਮੇਸ਼ਾ ਦਿੰਦਾ ਹੈ, ਦਿੰਦਾ ਰਹੇਗਾ ਅਤੇ ਚਿਤਾਰੇਗਾ ਵੀ ਨਹੀਂ । ਅਰਦਾਸ ਕਰੀਏ ਕਿ ਸਤਿਗੁਰੂ ਕਿਰਪਾ ਕਰੇ, ਰਹਿਮਤ ਕਰੇ ਤਾਂ ਕਿ ਸਾਡਾ ਮਨੁੱਖਾ ਜੀਵਨ ਸਫਲ ਅਤੇ ਸੁਖੈਨ ਹੋ ਸਕੇ ।

## ਭੀਖਨ ਸ਼ਾਹ ਫ਼ਕੀਰ

### ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਜੀਵਨ ਵਿਚੋਂ ਕੁਝ ਚਮਤਕਾਰ

**ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਦੇਖੋ**

ਐਸੇ ਪਿਆਰੇ ਪੋਹ ਦਾ ਜਿਸ ਵਿੱਚ "ਬਿਖਿਆ ਪੋਹਿ ਨ ਸਕਈ" ਦਾ ਬਾਨ੍ਹਣੂ ਬੰਨ੍ਹਣੂੰ ਵਾਲਾ ਤੇਜਸ੍ਵੀ ਮਹਾਰਾਜ ਪ੍ਰਗਟ ਹੋਇਆ ਇੱਕ ਦਿਹਾੜਾ ਆਇਆ ਜਿਸ ਦਿਨ ਸਪਤਮੀ ਥਿਤ ਸੀ । ਇਸ ਭਾਗੇ ਭਰੇ ਦਿਨ ਸਵਾ ਪਹਿਰ ਰਾਤ ਰਹਿੰਦੀ ਸ੍ਰੀ ਗੁਰੂ ਤੇਗ ਬਹਾਦਰ, ਧਰਮ ਦੀ ਚਾਦਰ, ਧਰਮ ਧੁਰੰਧਰ, ਪੂਰਨ ਗੁਰ ਅਵਤਾਰ ਜੀ ਦੇ ਗ੍ਰਿਹ-ਮਾਤਾ ਗੁਜਰੀ ਜੀ ਦੇ ਸੁਲੱਖਣੇ ਗ੍ਰਿਹ-ਸ੍ਰੀ ਕਲਗੀਧਰ ਜੀ, ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਧਾਰੀ ਹੋਏ । ਮਹਾਂ ਪੁਰਖਾਂ ਦੇ ਅਵਤਾਰ ਧਰਤੀ ਤੇ ਉਧਾਰ ਨਮਿਤ ਹੋਇਆ ਕਰਦੇ ਹਨ, ਜਦ ਕਦੇ ਪ੍ਰਿਥਵੀ ਪਰ ਪਾਪ ਅਤਿ ਹੋ ਜਾਵੇ ਤਦ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ, ਪਰ ਐਤਕੀਂ ਤਾਂ ਪਰ-ਉਪਕਾਰੀਆਂ ਦੇ ਸਿਰਤਾਜ ਆ ਗਏ ਅਰ ਇੱਕੋ ਵਾਰੀ ਆ ਕੇ ਚਲੇ ਨਹੀਂ ਗਏ, ਦਸ ਜਾਮੇਂ ਧਾਰੇ । ਇਹ ਹੁਣ ਦਸਵਾਂ ਜਾਮਾਂ ਉਸੇ ਜਯੋਤੀ ਨੇ ਧਾਰਿਆ ਹੈ । ਆਤਮ ਸ੍ਰਿਸ਼ਟੀ ਵਿਚ ਆਤਮ ਪ੍ਰਕਾਸ਼ ਹੋਣੇ ਕੁਦਰਤੀ ਬਾਤ ਸੀ । ਸ੍ਰੀਰਕ ਸ੍ਰਿਸ਼ਟੀ ਵਿੱਚ ਕੋਈ ਰਾਜਾ, ਪਾਤਸ਼ਾਹ ਕਿਤੇ ਜਾਵੇ ਤਾਂ ਸਰੀਰਕ ਉਤਸ਼ਾਹ ਹੁੰਦੇ ਹਨ, ਜਿਨ੍ਹਾਂ ਨੂੰ ਕਰਨੇ ਵਾਲਾ ਸਰੀਰ ਵਿੱਚੋਂ ਲੁਕਿਆ ਬੈਠਾ ਮਨ ਹੁੰਦਾ ਹੈ ਤੇ ਮਨ ਨੂੰ ਸੱਤਯਾ ਆਤਮਾ ਦੇਂਦਾ ਹੈ । ਜਦ ਆਤਮ ਸ੍ਰਿਸ਼ਟੀ ਦੇ ਤੇਜੱਸ੍ਵੀ ਮਹਾਂ ਪੁਰਖ ਆਏ ਤਾਂ ਆਤਮ ਕੌਤਕ ਪ੍ਰਗਟ ਹੋਣੇ ਜ਼ਰੂਰੀ ਸੇ, ਤੇ ਆਤਮ ਰਸੀਆਂ ਪਰ ਇਸ ਦਾ ਅਸਰ ਹੋਣਾ ਭੀ ਕੁਦਰਤੀ ਬਾਤ ਸੀ । ਸੋ ਉਸ ਵੇਲੇ ਇੱਕ ਤਪੀ ਫ਼ਕੀਰ ਨੇ ਇਸ ਪ੍ਰਕਾਸ਼ ਨੂੰ ਤੱਕ ਕੇ ਸੇਧ ਕੀਤੀ ਅਰ ਉਸੇ ਸੇਧ ਤੇ ਪਟਣੇ ਪਹੁੰਚਾ । ਸ੍ਰੀ ਗੁਰੂ ਜੀ ਦੇ ਦ੍ਵਾਰੇ ਜਾਕੇ ਨਵੇਂ ਆਏ ਦਾਤਾ ਜੀ ਦੇ ਦਰਸ਼ਨ ਵਾਸਤੇ ਅਰਜ਼ ਗੁਜ਼ਾਰੀ । ਅੱਗੇ ਆਤਮ ਰਸੀਆਂ ਦਾ ਇਸ ਘਰ ਆਉਣਾ ਤਾਂ ਐਉਂ ਕਦਰ ਪਾਉਣ ਵਾਲਾ ਸੀ ਜਿੱਕੂੰ ਸੋਨੇ ਚਾਂਦੀ ਦੇ ਵਪਾਰੀ ਸਰਾਫ਼ ਦੇ ਘਰ ਆਦਰ ਪਾਉਂਦੇ ਹਨ; ਦੈਵੀ ਬਾਲਕ ਨੂੰ ਕੁੱਛੜ ਲੈ ਕੇ ਦਾਈ ਆਈ ਤੇ ਸਾਂਈਂ ਜੀ ਨੇ ਨਮਸਕਾਰ ਕਰਕੇ ਆਪਣਾ ਮੱਥਾ ਸਫਲ ਕੀਤਾ । ਸਰੀਰ ਦੇ ਹੁੰਦਿਆਂ ਕਈ ਵੇਰ ਫ਼ਕੀਰਾਂ

ਨੂੰ ਬੀ ਪਰਦੇ ਰਹਿੰਦੇ ਤੇ ਸੰਸੇ ਉਠਦੇ ਹਨ, ਹੁਣ ਫ਼ਕੀਰ ਸਾਂਈ ਦੇ ਜੀ ਵਿੱਚ ਸੰਸਾ ਉਠਿਆ, ਪ੍ਰੀਖਿਆ ਦਾ ਸ਼ੌਕ ਆਇਆ ਕਿ ਦੇਖੀਏ ਏਹ ਹਿੰਦੂ ਮਤ ਦੇ ਹੋਣਗੇ ਕਿ ਇਸਲਾਮ ਦੇ ? ਉਨ੍ਹਾਂ ਨੇ ਇਹ ਦੇਖਣ ਦੀ ਆਸ਼ਾ ਧਾਰ ਕੇ, ਕਿ ਜੇ ਦੁੱਧ ਡੋਹਲਣਗੇ ਤਦ ਮੁਸਲਮਾਨ ਜੇ ਪਾਣੀ ਡੋਹਲਣਗੇ ਤਾਂ ਹਿੰਦੂ ਸਮਝਾਂਗੇ, ਦੋ ਕੁੱਜੀਆਂ ਲੀਤੀਆਂ। ਇੱਕ ਵਿੱਚ ਦੁੱਧ, ਦੂਈ ਵਿੱਚ ਪਾਣੀ ਪਾਕੇ ਦੈਵੀ ਬਾਲਕ ਜੀ ਦੇ ਅੱਗੇ ਕੀਤਾ। ਪਰ ਕੌਤਕਹਾਰ ਬਾਲਕ ਨੇ ਇੱਕ ਪੈਰ ਨਾਲ ਦੋਨੋਂ ਉਲਟਾ ਦਿੱਤੀਆਂ ਤੱਦ ਦੇਖੋ ਕਿ ਪਾਣੀ ਤੇ ਦੁੱਧ ਦੋਵੇਂ ਡੁੱਲ ਕੇ ਰਲ ਮਿਲ ਕੇ ਇੱਕ ਹੋ ਗਏ। ਪਰਤੱਖ ਉਪਦੇਸ਼ ਦੇ ਦਿੱਤਾ ਕਿ ਤਅੱਸਬ ਦੀ ਕੁੱਜੀ ਮੁਸਲਮਾਨਾਂ ਦੀ ਅਰ ਵਰਣਾਸ਼੍ਰਮ ਦੇ ਹੱਠ ਦੀ ਕੁੱਜੀ ਹਿੰਦੂਆਂ ਦੀ ਤੋੜ ਕੇ ਜਲ ਦੁੱਧ ਨੂੰ ਇੱਕ – ਖਾਲਸਾ – ਕਰ ਦਿਆਂਗੇ, ਜਲ ਦੁੱਧ ਦੀ ਪ੍ਰੀਤ ਮਸ਼ਹੂਰ ਹੈ। ਸ੍ਰੀ ਗੁਰਵਾਕ ਹੈ :–

**"ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ ॥<br>ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ ॥"**

**ਸਿਰੀਰਾਗੁ (ਮਃ ੧) – ਅੰਗ ੬੦**

ਐਉਂ ਹਿੰਦੂ ਤੇ ਮੁਸਲਮਾਨ ਇੱਕ ਦੂਏ ਨਾਲ ਪਿਆਰ ਕਰਨ ਵਾਲੇ ਬਨਾਵਾਂਗਾ। ਦੁੱਧ ਅੱਗ ਤੇ ਧਰੋ ਤਾਂ ਪਾਣੀ ਸੜਦਾ ਹੈ, ਦੁਧ ਨੂੰ ਨਹੀਂ ਸੜਨ ਦੇਂਦਾ, ਦੁਧ ਅਪਣੇ ਪਿਆਰੇ ਦਾ ਦੁੱਖ ਦੇਖ ਕੇ ਉਛਲਦਾ ਤੇ ਆਪ ਅੱਗ ਤੇ ਪੈਕੇ ਉਸਨੂੰ ਬੁਝਾ ਦੇਂਦਾ ਹੈ, ਤੇ ਉਛਲਦੇ ਨੂੰ ਫੇਰ ਪਾਣੀ ਮਿਲ ਜਾਏ ਤਾਂ ਖੁਸ਼ ਹੋਕੇ ਮੁੜ ਜਾਂਦਾ ਹੈ। ਫ਼ਕੀਰ ਜੀ ਸਮਝ ਗਏ ਕਿ ਇਹ ਪ੍ਰੇਮ ਅਵਤਾਰ ਦੁਹਾਂ ਨੂੰ ਨਿੰਮ੍ਰਤਾ ਦੀ ਧਰਤੀ ਤੇ ਪਾ ਕੇ ਪ੍ਰੇਮ ਨਾਲ ਗੁੰਨ੍ਹੇਗਾ। ਇਹ ਤੱਕ ਕੇ ਉਸ ਦਾ ਪ੍ਰੇਮ ਹੋਰ ਉਮਗਿਆ ਕਿ ਸ਼ੁਕਰ ਹੈ ਇਸ ਦੁਖੀ ਸ੍ਰਿਸ਼ਟੀ ਦਾ ਪਾਰ ਉਤਾਰਾ ਹੋਵੇਗਾ। ਫਿਰ ਫ਼ਕੀਰ ਆਪਨੇ ਹੋਰ ਬੀ ਧੰਨ ਭਾਗ ਜਾਣਕੇ ਮੱਥਾ ਟੇਕਕੇ ਵਿਦਾ ਹੋਇਆ। ਫ਼ਕੀਰ ਦੀ ਆਯੂ ਹੋ ਚੁਕੀ ਸੀ, ਨਹੀਂ ਤਾਂ ਵੇਖਦਾ ਕਿ ਇਸ ਵਾਹਿਗੁਰੂ ਦੇ ਨਿਵਾਜੇ ਬਾਲਕ ਨੇ ਕਿਸ ਤਰ੍ਹਾਂ ਲੋਕਾਂ ਵਿਚੋਂ 'ਮੈਂ' ਕੱਢ ਕੇ ਸੀਸ ਭੇਟਾ ਲੀਤੇ ਅਰ ਕਿਸ ਤਰ੍ਹਾਂ 'ਅੰਮ੍ਰਿਤ' ਸਾਜ ਕੇ ਸ੍ਰਿਸ਼ਟੀ ਮਾਤ੍ਰ ਨੂੰ ਜੋੜਨ ਲਈ ਮਾਨੋ ਜੋੜਵਾਂ ਮਸਾਲਾ ਤਿਆਰ ਕਰ ਦਿੱਤਾ। ਕਿਸ ਤਰ੍ਹਾਂ ਹਿੰਦੂ ਸਿੱਖ ਹੋ ਗਏ, ਅਰ ਕਿਸ ਤਰ੍ਹਾਂ ਬੁੱਧੂ ਸ਼ਾਹ ਵਰਗੇ ਮੁਸਲਮਾਨ ਸਿੱਖੀ ਧਾਰਕੇ ਆਪਣੇ ਸਪੁੱਤ੍ਰ ਭੇਟ ਕਰ ਕੇ ਕ੍ਰਿਤ ਕ੍ਰਿਤ ਹੋਏ, ਕਿਸ ਤਰ੍ਹਾਂ ਅੰਮ੍ਰਿਤ ਦਾ ਦਰਵਾਜ਼ਾ ਪ੍ਰਾਣੀ ਮਾਤ੍ਰ ਲਈ ਖੁੱਲ੍ਹ ਗਿਆ, ਕਿਸ ਤਰ੍ਹਾਂ ਦੇਸ਼ ਨੂੰ ਸੁਤੰਤ੍ਰਤਾ ਮਿਲੀ, ਕਿਸ ਤਰ੍ਹਾਂ ਸੰਸਾਰ ਨੂੰ ਸੱਚਾ ਧਰਮ ਮਿਲਿਆ।

**ਧੰਨਵਾਦਿ ਸਾਹਿਤ ਵਿਚੋਂ**

**ਭਾਈ ਸਾਹਿਬ ਭਾਈ ਵੀਰ ਸਿੰਘ**

# ਗਤੀਵਿਧੀਆਂ

**ਨਾਨਕਸ਼ਾਹੀ ਜੰਤਰੀ ਅਨੁਸਾਰ ਵੈਸਾਖ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-**

ਨਾਨਕਸ਼ਾਹੀ ਜੰਤਰੀ ਅਨੁਸਾਰ ਪਹਿਲੀ ਤਰੀਕ ਦਾ ਸਮਾਗਮ ਮਿਤੀ 14-4-2018 ਦਿਨ ਸ਼ਨੀਵਾਰ ਨੂੰ ਸ਼ਾਮ 6.00 ਤੋਂ 9.00 ਵਜੇ ਤੱਕ 'ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹ ।।ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ ਵਿਖੇ ਆਯੋਜਿਤ ਕੀਤਾ ਗਿਆ ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟਿਚਿਊਟ ਦੇ ਵਿਦਿਆਰਥੀਆਂ ਨੇ ਕੀਰਤਨ ਰਾਹੀ ਭਾਈ ਹਰਵੀਰ ਸਿੰਘ ਨੇ ਕਥਾ ਰਾਹੀਂ ਸੇਵਾ ਨਿਭਾਈ ।ਉਪ੍ਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ ।

ਮਹੀਨਾਵਾਰੀ ਸਮਾਗਮ:- ਹਰ ਮਹੀਨੇ ਦੇ ਪਹਿਲੇ ਸ਼ਨੀਵਾਰ ਨੂੰ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵੱਲੋਂ ਘਰਾਂ ਵਿੱਚ ਗੁਰਮਤਿ ਸਮਾਗਮ ਸ਼ੁਰੂ ਕੀਤੇ ਗਏ ਹਨ । ਇਹ ਲੜੀ ਦਸੰਬਰ 2017 ਤੋਂ ਅਰੰਭ ਕੀਤੀ ਗਈ ਹੈ ।ਅਪ੍ਰੈਲ ਮਹੀਨੇ ਦਾ ਪਹਿਲਾ ਸਮਾਗਮ 7 ਅਪ੍ਰੈਲ ਨੂੰ ਸ.ਭੁਪਿੰਦਰ ਸਿੰਘ ਜੀ ਦੇ ਗ੍ਰਹਿ #238, ਸੈਕਟਰ-45 -A ਚੰਡੀਗੜ ਵਿਖੇ ਹੋਇਆ ਅਤੇ ਦੂਜਾ ਸਮਾਗਮ 21 ਅਪ੍ਰੈਲ ਨੂੰ ਪ੍ਰਿੰਸੀਪਲ ਨਰਿੰਦਰ ਬੀਰ ਸਿੰਘ ਜੀ ਦੇ ਗ੍ਰਹਿ #1444, ਸੈਕਟਰ-34 -C ਚੰਡੀਗੜ ਵਿਖੇ ਹੋਇਆ ।ਇਸ ਲੜੀ ਰਾਹੀਂ ਜਿਥੇ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਟ੍ਰੇਨਿੰਗ ਮਿਲ ਰਹੀ ਹੈ, ਉਥੇ ਹੀ ਆਮ ਸੰਗਤਾਂ ਵਿੱਚ ਗੁਰਮਤਿ ਪ੍ਰਚਾਰ ਅਤੇ ਸੰਗਤਾਂ ਦ ਸਹਿਯੋਗ ਵੀ ਪ੍ਰਾਪਤ ਹੋ ਰਿਹਾ ਹੈ ।

## ਮਈ 2018 ਮਹੀਨੇ ਦੇ ਸਮਾਗਮ :-

ਮਹੀਨਾਵਾਰੀ ਸਮਾਗਮ:- ਹਰ ਮਹੀਨੇ ਦੇ ਪਹਿਲੇ ਸ਼ਨੀਵਾਰ ਨੂੰ ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵੱਲੋਂ ਘਰਾਂ ਵਿੱਚ ਗੁਰਮਤਿ ਸਮਾਗਮ ਸ਼ੁਰੂ ਕੀਤੇ ਗਏ ਹਨ । ਇਸ ਲੜੀ ਅਧੀਨ ਮਈ ਮਹੀਨੇ ਦਾ ਸਮਾਗਮ 5 ਮਈ ਨੂੰ ਡਾ.ਰਾਣਾ ਹਰਿੰਦਰ ਜੀ ਦੇ ਗ੍ਰਹਿ#689, ਫੇਸ -2, ਮੋਹਾਲੀ ਵਿਖੇ ਹੋਵੇਗਾ ।

**ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ:-**

ਨਾਨਕਸ਼ਾਹੀ ਜੰਤਰੀ ਅਨੁਸਾਰ ਜੇਠ ਮਹੀਨੇ ਦੀ ਪਹਿਲੀ ਤਰੀਕ ਦਾ ਸਮਾਗਮ ਮਿਤੀ 14-05-2018 ਦਿਨ ਸੋਮਵਾਰ ਸ਼ਾਮ ਨੂੰ 6.30 ਤੋਂ 9.00 ਵਜੇ ਤੱਕ " **ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭ ਨਿਵੰਨਿ**"॥ ਦੇ ਵਿਸ਼ੇ ਤੇ ਸਮਾਗਮ ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾਂ ਰੋਡ,ਸਾਹਮਣੇ ਸੰਨੀ ਇਨਕਲੇਵ ਮੁੰਡੀ ਖਰੜ ਵਿਖੇ ਆਯੋਜਿਤ ਕੀਤਾ ਜਾਵੇਗਾ।ਸਮਾਪਤੀ ਤੇ ਗੁਰੂ ਕੇ ਲੰਗਰ ਅਤੁੱਟ ਵਰਤਣਗੇ ।

ਗੁਰਮਤਿ ਸਮਰ ਕੈਂਪ :-

ੴ ਵਾਹਿਗੁਰੂ ਜੀ ਕੀ ਫਤਹਿ॥

# ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ ਵਲੋਂ

## ਬੱਚਿਆਂ ਨੂੰ ਗੁਰਮਤਿ ਨਾਲ ਜੋੜਨ ਲਈ

# ਗੁਰਮਤਿ ਕਲਾਸਾਂ

**ਮਿਤੀ**
4 ਜੂਨ 2018 (ਸੋਮਵਾਰ) ਤੋਂ
23 ਜੂਨ 2018 (ਸ਼ਨੀਵਾਰ)

**ਸਥਾਨ**
ਗੁਰਮਤਿ ਪ੍ਰਸਾਰ ਭਵਨ
ਛੱਜੂ ਮਾਜਰਾ ਰੋਡ, ਮੁੰਡੀ ਖਰੜ

**ਸਮਾਂ**
ਰੋਜ਼ਾਨਾ ਸਵੇਰੇ 7.30 ਵਜੇ
ਤੋਂ 9.30 ਵਜੇ ਤੱਕ

❖ ਗੁਰਬਾਣੀ ਕੀਰਤਨ ❖ ਗੁਰ ਇਤਿਹਾਸ
❖ ਕਵਿਤਾ ❖ ਦਸਤਾਰ, ਸਿਖਲਾਈ

| | |
|---|---|
| 1. ਪਹਿਲਾ ਗਰੁੱਪ | 5 - 8 ਸਾਲ ਦੇ ਬੱਚੇ |
| 2. ਦੂਜਾ ਗਰੁੱਪ | 9 - 15 ਸਾਲ ਦੇ ਬੱਚੇ |
| 3. ਤੀਜਾ ਗਰੁੱਪ | 16 - 22 ਸਾਲ ਦੇ ਬੱਚੇ |

ਨੋਟ:- ਗੁਰਮਤਿ ਪ੍ਰਸਾਰ ਭਵਨ ਤੋਂ ਫਾਰਮ ਲੈ ਕੇ ਆਪਣਿਆਂ ਬੱਚਿਆਂ ਲਈ ਰਜਿਸਟ੍ਰੇਸ਼ਨ ਕਰਵਾਓ ਜੀ।
24 ਤਰੀਕ ਕਲਾਸਾਂ ਲਗਾਉਣ ਵਾਲੇ ਬੱਚਿਆਂ ਵਲੋਂ ਪ੍ਰੋਗਰਾਮ ਕੀਤਾ ਜਾਵੇਗਾ
ਅਤੇ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

## ਗੁਰਮਤਿ ਪ੍ਰਸਾਰ ਸੇਵਾ ਸੋਸਾਇਟੀ (ਰਜਿ.)

ਰਜਿਸਟਰਡ ਆਫਿਸ : #1444, ਸੈਕਟਰ 34-ਸੀ, ਚੰਡੀਗੜ੍ਹ ਫੋਨ: 98761-77803
ਕਾਰਜਕਾਰੀ ਦਫਤਰ: ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾ ਰੋਡ,
ਸੰਨੀ ਇਨਕਲੇਵ ਦੇ ਸਾਹਮਣੇ, ਮੁੰਡੀ ਖਰੜ, ਫੋਨ: 0160-5009844, 94171-90438

# ਗੁਰਮਤਿ ਪ੍ਰਸਾਰ ਟ੍ਰੇਨਿੰਗ ਇਨਸਟੀਚਿਊਟ

ਗੁਰਮਤਿ ਪ੍ਰਸਾਰ ਭਵਨ, ਛੱਜੂ ਮਾਜਰਾ ਰੋਡ, ਮੁੰਡੀ ਖਰੜ (ਜ਼ਿਲ੍ਹਾ ਮੁਹਾਲੀ)

ਫੋਨ: 98761-77803, 99143-00667, 98557-90438, 79867-35508

## ਦਾਖਲਾ ਸੂਚਨਾ

(ਕੇਵਲ ਲੜਕਿਆਂ ਲਈ)

**3 ਸਾਲਾ ਗੁਰਮਤਿ ਪ੍ਰਚਾਰਕ-ਗੁਰਮਤਿ ਸੰਗੀਤ ਕੋਰਸ ਨਾਲ B.A ਦੀ ਪੜ੍ਹਾਈ**

ਯੋਗਤਾ : 10+2 ਪਾਸ ਉਮਰ :17 ਤੋਂ 22 ਸਾਲ

**2 ਸਾਲਾ ਗੁਰਮਤਿ ਪ੍ਰਚਾਰਕ - ਗੁਰਮਤਿ ਸੰਗੀਤ ਕੋਰਸ**

ਯੋਗਤਾ: ਘੱਟੋ ਘੱਟ 10 ਪਾਸ ਉਮਰ: ਘੱਟੋ ਘੱਟ 15 ਸਾਲ

(ਤੰਤੀ ਸਾਜ਼ਾਂ ਨਾਲ ਕੀਰਤਨ ਦੀ ਸਿਖਲਾਈ ਦਾ ਵਿਸ਼ੇਸ਼ ਪ੍ਰਬੰਧ ਹੈ ।)

**ਇੰਟਰਵਿਊ : 19-05-2018 (ਸ਼ਨਿਚਰਵਾਰ) 9.00 ਵਜੇ ਸਵੇਰੇ**

**ਸਹੂਲਤਾਂ ਖਾਣ-ਪੀਣ, ਰਿਹਾਇਸ਼ ਅਤੇ ਵਰਦੀਆਂ ਫਰੀ**

ਕੋਰਸ ਉਪਰੰਤ ਯੋਗਤਾ ਅਨੁਸਾਰ ਦੇਸ਼ਾਂ- ਵਿਦੇਸ਼ਾਂ ਵਿੱਚ ਨੌਕਰੀ ਦਾ ਯਤਨ ਕੀਤਾ ਜਾਵੇਗਾ।

ਇੰਟਰਵਿਊ ਤੇ ਆਉਣ ਸਮੇਂ ਅਪਣੇ ਅਸਲ ਦਸਤਾਵੇਜ਼ ਤੇ ਦੋ ਫੋਟੋਆਂ ਨਾਲ ਲੈ ਕੇ ਆਓ ।

ਪ੍ਰਾਸਪੈਕਟਸ ਇਨਸਟੀਚਿਊਟ ਤੋਂ ਜਾਂ web site www.gurmatparsar.com ਤੋਂ Download ਕਰੋ ।

# ਗੁਰਮਤਿ ਪ੍ਰਸਾਰ ਮੈਡੀਕਲ ਸੇਵਾ ਸੈਂਟਰ

## ਐਸੋਸੀਏਟਸ: ਸੇਵਕਸ ਚੈਰੀਟੇਬਲ ਟ੍ਰੱਸਟ (ਰਜਿ.) ਚੰਡੀਗੜ੍ਹ

ਸੋਸਾਇਟੀ ਵਲੋਂ ਚਲਾਏ ਜਾ ਰਹੇ ਮੈਡੀਕਲ ਸੇਵਾ ਸੈਂਟਰ ਵਿਚ ਦਿਤੀਆਂ ਜਾ ਰਹੀਆਂ ਸੇਵਾਵਾਂ ਦਾ ਸੰਗਤਾਂ ਭਰਵਾਂ ਲਾਭ ਉਠਾ ਰਹੀਆਂ ਹਨ। ਅਪ੍ਰੈਲ 2018 ਮਹੀਨੇ ਦੇ ਅੰਕੜੇ ਇਸ ਪ੍ਰਕਾਰ ਹਨ।

| | Name of Deptt. | No. of Patients | | |
|---|---|---|---|---|
| | | New | Old | Total |
| 1 | General Medical | 82 | 162 | 244 |
| 2 | Eye | 19 | 33 | 52 |
| 3 | Cardiology | 04 | 56 | 60 |
| 4 | Dental | 27 | 44 | 71 |
| 5 | Gynaecology | 20 | 44 | 64 |
| 6 | Homoeopathy | 27 | 344 | 371 |
| 7 | Physiotherapy | - | - | - |
| | Total | 179 | 683 | 862 |
| | Laboratory | 170 | - | 170 |

## ਧੰਨਵਾਦ :

### ਅਪ੍ਰੈਲ 2018 ਦੌਰਾਨ ਪ੍ਰਾਪਤ ਸਹਾਇਤਾ ਦਾ ਵੇਰਵਾ:-

1. S. Dhanwant Singh #447/Phase-IV/Mohali 1,000/-
2. S. B.S. Wachheir #238/1/Sec .45A/Chd 60,000/-
3. Bibi Parminder Kaur #416/Phase -3BI 12,000/-
4. Mrs. Tripta Chopra #139/1/Sector-45A/Chd 500/-
5. Kaka Kanwarjot Singh #1444/Sec 34C 10,000/-
6. S. Narinder Bir Singh #1444/Sec. 34C 2,000/-
7. Bibi Surjit Kaur #1444/Sec. 34C/Chd 7,100/-
8. Bibi Narinder Kaur #800/Sec. 43A/Chd 600/-
9. Bibi Rajleen Kaur #836/Phase II/Mohali 500/-
10. Bibi. Harleen Kaur Sarna #107G, Shivalik Vihar Naya Goan, Mohali 500/-
11. Bibi Harpreet Kaur #461/Sec 44A/Chd 1,000/-
12. S. Harsharnpal Singh Bhatia #461/Sec. 44A/Chd 1,000/-
13. Bibi Gurdeep Kaur #461/Sec. 44A/Chd 1,000/-
14. Col. H.S Uppal #306/Sec. 33A/Chd 40,000/-
15. Dr. Saranjit Singh #2817/Phase-7/Mohali 2,000/-
16. S. D.P Singh #393/Phase --9/Mohali 1,200/-
17. S. Sarbjeet Singh #49A/Comfort Homes/Kharar 3,000/-
18. S. Hardeep Singh/ Mundi Kharar 200/-
19. S. Dilbagh Singh/ Satkar Properties Mundi Kharar 1,600/-
20. S. Amarjit Singh/ Mundi Kharar 100/-
21. S. Inderjit Singh #3525/Sector-38D/Chd 1,000/-
22. S. Harjinder Singh 100/-
23. S. Harshpal Singh/21/26/Marri Gold 100/-
24. Bibi Surjit Kaur 200/-
25. Bibi Swarn Kaur #12A/ Marri Gold 50/-
26. S. Jagjit Singh/ Mundi Kharar 100/-
27. S. Darshan Singh/ H.M.TColony/Mundi Kharar 150/-
28. S. Ravinder Singh/ Sri Guru Har Govind Sahib/ Mundi Kharar 500/-
29. S. Mohinder Singh/ Mundi Kharar 500/-
30. Bhai Kanhaya Ji/Mundi Kharar 700/-
31. S. Birinder Singh #6A/Sunny Enclave/M.K. 500/-
32. Bibi Maninder Kaur #1444/Sec. 34C/Chd 10,000/-
33. Col. Ranjit Singh #207/Sec. 33A/Chd 3,000/-
34. Mrs. Kawalbir Kaur C/O S. HBS Chopra/HM-74/Ph.3BI/Mohali 2,000/-
35. Bibi Daljit Kaur Oberoi #278/Sec. 33A 2,000/-
36. Bibi Manvinder Kaur #EA-136/ Maya Enclave/New Delhi 10,000/-
37. S. Tarundeep Singh Sachar #EA-136/ Maya Enclave/New Delhi 10,000/-

**ਬੇਨਤੀ**

ਆਪਣੇ ਦਸਵੰਧ ਵਿੱਚੋਂ ਵੱਧ ਤੋਂ ਵੱਧ ਮਾਇਆ ਸੋਸਾਇਟੀ ਦੇ ਕਾਰਜਾਂ ਲਈ ਭੇਜ ਕੇ ਗੁਰਮਤਿ ਪ੍ਰਸਾਰ ਵਿੱਚ ਯੋਗਦਾਨ ਪਾਓ ਤੇ ਗੁਰੂ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ। ਮਾਇਆ ਚੈੱਕ ਰਾਹੀਂ ਵੀ ਭੇਜੀ ਜਾ ਸਕਦੀ ਹੈ। ਸੋਸਾਇਟੀ ਦਾ SB A/c No.07111000004108, IFS Code: PSIB0000711 PAN No. AAATG4268N ਪੰਜਾਬ ਐਂਡ ਸਿੰਧ ਬੈਂਕ, ਸੈਕਟਰ 36, ਚੰਡੀਗੜ੍ਹ ਵਿਖੇ ਹੈ ਜੀ। ਸੋਸਾਇਟੀ ਨੂੰ ਭੇਜੀ ਗਈ ਮਾਇਆ ਤੇ Income Tax ਦੀ ਧਾਰਾ 80-G ਦੇ ਅੰਤਰਗਤ ਛੋਟ ਉਪਲਬਧ ਹੈ।